


ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 39 SATURDAY, 30 SEPTEMBER, 2023
www.punjablinkpaper.com 604-503-5465




## ਭਾਰਤੀ ਨਾਗਰਿਕਾਂ ਨੂੰ ਅਜੇ ਵੀ ਵੀਜ਼ੇ ਦੇ ਰਿਹਾ ਹੈ ਕੈਨੇਡਾ



ਓਟਵਾ-ਕੈਨੇਡਾ ਅਜੇ ਵੀ ਭਾਰਤੀ ਨਾਗਰਿਕਾਂ ਦੀਆਂ ਵੀਜ਼ਾ ਅਰਜ਼ੀਆਂ ਨੂੰ ਨਿਪਟਾ ਰਿਹਾ ਹੈ। ਬ੍ਰਿਟਿਸ਼ ਕੋਲੰਬੀਆ ਦੇ ਪ੍ਰਮੁੱਖ ਸਿਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨੂੰ ਲੈ ਕੇ ਕੈਨੇਡਾ ਅਤੇ ਭਾਰਤ ਵਿਚਕਾਰ ਕੂਟਨੀਤਕ ਤਣਾਅ ਵਧਿਆ ਹੋਇਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਪਾਰਲੀਮੈਂਟ ਵਿਚ ਨਿੱਝਰ ਦੀ ਹੱਤਿਆ ਵਿਚ ਭਾਰਤ ਦੀ ਸ਼ਮੂਲੀਅਤ ਹੋਣ ਦੇ ਦੋਸ਼ ਲਗਾਏ ਜਿਨ੍ਹਾਂ ਨੂੰ ਭਾਰਤ ਨੇ ਨਾਕਾਰ ਦਿੱਤਾ। ਦੋਵਾਂ ਦੇਸ਼ਾਂ ਵਿਚਕਾਰ ਤਣਾਅ ਦੇ ਚੱਲਦਿਆਂ 21 ਸਤੰਬਰ ਨੂੰ ਕੈਨੇਡਾ ਵਿਚ ਭਾਰਤ ਦੇ ਵੀਜ਼ਾ ਪ੍ਰੋਸੈਸਿੰਗ ਸੈਂਟਰਾਂ ਬੀਐਲਐਸ ਨੇ ਕੰਮਕਾਜ ਚਲਾਉਣ ਵਿਚ ਮੁਸ਼ਕਿਲ ਹੋਣ ਦੇ ਕਾਰਨ ਦੱਸ ਕੇ ਸੇਵਾਵਾਂ ਮੁਅੱਤਲ ਕਰ ਦਿੱਤੀਆਂ। ਇਨ੍ਹਾਂ ਸੈਂਟਰਾਂ ਵਿਚ ਟੋਰਾਂਟੋ, ਓਟਵਾ ਤੇ ਵੈਨਕੂਵਰ ਦੇ ਸੈਂਟਰ ਸ਼ਾਮਿਲ ਹਨ। ਇਸ ਹਫ਼ਤੇ ਦੇ ਸ਼ੁਰੂ ਵਿਚ ਨਿਊਯਾਰਕ ਵਿਚ ਜਦੋਂ ਇਹ ਪੁੱਛਿਆ ਗਿਆ ਕਿ ਕੀ ਕੈਨੇਡਾ ਜਵਾਬੀ ਕਾਰਵਾਈ ਕਰੇਗਾ ਤਾਂ ਟਰੂਡੋ ਨੇ ਕਿਹਾ ਕਿ ਸਾਡਾ ਧਿਆਨ ਕੈਨੇਡਾ ਵਿਚ ਕਾਨੂੰਨ ਦਾ ਸ਼ਾਸਨ ਬਣਾਈ ਰੱਖਣ 'ਤੇ ਕੇਂਦਰਿਤ ਹੈ। ਕੈਨੇਡਾ ਕੈਨੇਡੀਅਨਾਂ ਨੂੰ ਸੁਰੱਖਿਅਤ ਰੱਖਣ ਲਈ (ਬਾਕੀ ਸਫ਼ਾ 7 'ਤੇ)

# ਨਾਜ਼ੀ ਯੂਨਿਟ ਦੇ ਮੈਂਬਰ ਨੂੰ ਸਨਮਾਨਿਤ ਕਰਨ ਬਦਲੇ ਹਾਊਸ ਦੇ ਸਪੀਕਰ ਰੋਟਾ ਵਲੋਂ ਅਸਤੀਫ਼ਾ

ਓਟਵਾ-ਰਾਜਨੀਤਕ ਹੱਦਾਂ ਤੋਂ ਉੱਪਰ ਉਠ ਕੇ ਐਪੀਜ਼ ਵਲੋਂ 98 ਸਾਲਾ ਵਿਅਕਤੀ ਜਿਸ ਨੇ ਨਾਜ਼ੀ ਯੂਨਿਟ ਵਿਚ ਨੌਕਰੀ ਕੀਤੀ ਸੀ ਨੂੰ ਸੱਦਾ ਦੇਣ ਬਦਲੇ ਹਾਊਸ ਆਫ ਕਾਮਨਜ਼ ਦੇ ਸਪੀਕਰ ਨੂੰ ਆਪਣਾ ਅਹੁਦਾ ਛੱਡਣ ਲਈ ਦਿੱਤੇ ਸੱਦੇ ਪਿੱਛੋਂ ਸਪੀਕਰ ਐਂਥਨੀ ਰੋਟਾ ਨੇ ਸਪੀਕਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਸਦਨ ਨੂੰ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਸੰਬੋਧਨ ਕੀਤਾ ਸੀ। ਸਪੀਕਰ ਤੋਂ ਅਸਤੀਫਾ ਮੰਗਣ ਵਾਲਿਆਂ ਵਿਚ ਲਿਬਰਲ ਪਾਰਟੀ ਦੇ ਐਮਪੀਜ਼ ਵੀ ਸ਼ਾਮਿਲ ਸਨ। ਓਨਟਾਰੀਓ ਦੇ ਨਿਪਸਿੰਗ-ਟਿਮਸਕੀਮਿੰਗ ਹਲਕੇ ਤੋਂ ਲਿਬਰਲ ਐਮਪੀ ਰੋਟਾ ਨੇ ਚੈਂਬਰ ਵਿਚ ਯਾਰੋਸਲੇਪ ਹੁੰਕਾ ਨੂੰ ਸੱਦਣ ਬਦਲੇ ਲਿਖਤੀ ਤੇ ਵਿਅਕਤੀਗਤ ਰੂਪ ਵਿਚ ਮੁਆਫੀ ਮੰਗੀ ਹੈ। ਮੰਗਲਵਾਰ ਰੋਟਾ ਨੇ ਐਲਾਨ ਕੀਤਾ ਕਿ ਲਿਬਰਲ ਕੈਬਨਿਟ ਮੰਤਰੀਆਂ, ਕੰਸਰਵੇਟਿਵਾਂ, ਐਨਡੀਪੀ ਅਤੇ ਬਲੌਕ ਕਿਊਬਕੋਇਸ ਵਲੋਂ ਅਹੁਦੇ ਤੋਂ ਹਟਣ ਦਾ ਸੱਦਾ ਦੇਣ ਪਿੱਛੋਂ ਉਹ ਆਪਣਾ ਅਹੁਦਾ ਛੱਡ ਦੇਣਗੇ। ਪਿਛਲੇ ਸ਼ੁੱਕਰਵਾਰ ਰੋਟਾ ਨੇ ਯੂਕਰੇਨੀ ਹੀਰੋ ਤੇ ਕੈਨੇਡੀਅਨ ਹੀਰੋ ਹੁੰਕਾ ਨੂੰ ਸੱਦਿਆ ਅਤੇ ਉਨ੍ਹਾਂ ਦਾ ਸੇਵਾਵਾਂ ਲਈ ਧੰਨਵਾਦ ਕੀਤਾ ਜਿਸ 'ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਜ਼ੇਲੇਂਸਕੀ ਸਮੇਤ ਉਥੇ ਮੌਜੂਦ ਲੋਕਾਂ ਵਲੋਂ ਤਾੜੀਆਂ ਮਾਰੀਆਂ ਗਈਆਂ। ਨੌਰਥ ਬੇਅ ਤੋਂ ਸਾਬਕਾ ਸਿਟੀ ਕੌਂਸਲਰ 62 ਸਾਲਾ ਰੋਟਾ 2004 ਤੋਂ 2011 ਤਕ ਐਮਪੀ ਰਿਹਾ ਅਤੇ 2019 ਵਿਚ ਫਿਰ ਚੁਣਿਆਂ ਗਿਆ। ਉਹ 2019 ਤੋਂ ਸਪੀਕਰ ਸੀ ਅਤੇ 2021 ਵਿਚ ਫਿਰ ਚੁਣਿਆਂ ਗਿਆ। (ਬਾਕੀ ਸਫ਼ਾ 7 'ਤੇ)



































S T & A Simpson, Thomas and Associates

Get the legal support you need now.

Serving all of British Columbia

- Family Law
- Personal Injury
- Estate Litigation
- Employment Law
- Immigration Law
- Insurance Denials



We have translators fluent in Hindi and Punjabi.

Book your legal consultation

604 689 8888

simpsonthomas.com

Surrey Office
701 – 13761 96th Avenue
Surrey, BC V3V 0E8

Vancouver Office
501 – 808 Nelson Street
Vancouver, BC V6Z 2H2

Scan QR code to set up a legal consultation with us

Experienced lawyers for your legal needs.

@stalawyers

BBB ACCREDITED BUSINESS

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 39 SATURDAY, 30 SEPTEMBER, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ
AM 1600ਅਤੇ 105.3 'ਤੇ
Radio Punjab
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.ca

# ਕੈਨੇਡਾ ਵਲੋਂ ਲਗਾਏ ਦੋਸ਼ ਭਾਰਤ ਦੀ ਨੀਤੀ ਦਾ ਹਿੱਸਾ ਨਹੀਂ-ਵਿਦੇਸ਼ ਮੰਤਰੀ ਜੈਸ਼ੰਕਰ

ਨਿਊਯਾਰਕ-ਖਾਲਿਸਤਾਨੀ ਵੱਖਵਾਦੀ ਦੀ ਹੱਤਿਆ 'ਚ ਭਾਰਤ ਦੀ 'ਸੰਭਾਵੀ' ਸ਼ਮੂਲੀਅਤ ਦੇ ਕੈਨੇਡਾ ਦੇ ਦੋਸ਼ਾਂ ਤੋਂ ਬਾਅਦ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਹੈ ਕਿ ਨਵੀਂ ਦਿੱਲੀ ਓਟਵਾ ਨੂੰ ਦੱਸ ਚੁੱਕਾ ਹੈ ਕਿ ਇਹ ਭਾਰਤ ਸਰਕਾਰ ਦੀ ਨੀਤੀ ਨਹੀਂ ਹੈ, ਤੇ ਉਹ ਮਾਮਲੇ ਵਿਚ 'ਕਿਸੇ ਖਾਸ' ਤੇ 'ਢੁੱਕਵੀਂ' ਸੂਚਨਾ ਉਤੇ ਵਿਚਾਰ ਕਰਨ ਲਈ ਤਿਆਰ ਹਨ। ਜੈਸ਼ੰਕਰ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੇ ਸੈਸ਼ਨ ਨੂੰ ਸੰਬੋਧਨ ਕਰਨ ਤੋਂ ਬਾਅਦ ਮੰਗਲਵਾਰ ਨੂੰ ਨਿਊਯਾਰਕ ਵਿਚ ਵਿਦੇਸ਼ ਸਬੰਧਾਂ ਬਾਰੇ ਪਰਿਸ਼ਦ 'ਚ ਗੱਲਬਾਤ ਦੌਰਾਨ ਇਹ ਟਿੱਪਣੀਆਂ ਕੀਤੀਆਂ। ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਭਾਰਤ ਸਰਕਾਰ ਦੇ 'ਏਜੰਟਾਂ' ਦੀ ਸ਼ਮੂਲੀਅਤ ਬਾਰੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਨਿ ਟਰੂਡੋ ਵੱਲੋਂ ਲਾਏ ਦੋਸ਼ਾਂ ਉਤੇ ਜਦ ਜੈਸ਼ੰਕਰ ਤੋਂ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਕਿਹਾ, 'ਅਸੀਂ ਕੈਨੇਡਾ ਨੂੰ ਜੋ ਕਿਹਾ, ਉਸ ਨੂੰ ਮੈਂ ਤੁਹਾਡੇ ਨਾਲ ਬਹੁਤ ਸਪੱਸ਼ਟਤਾ ਨਾਲ ਸਾਂਝਾ ਕਰਾਂਗਾ।' ਉਨ੍ਹਾਂ ਭਾਰਤ ਵਿਚ ਅਮਰੀਕਾ ਦੇ ਸਾਬਕਾ ਰਾਜਦੂਤ ਕੈਨੇਥ ਜਸਟਰ ਨਾਲ ਗੱਲਬਾਤ ਦੌਰਾਨ ਮੁੱਦੇ ਉਤੇ ਆਪਣੀ ਪਹਿਲੀ ਜਨਤਕ ਟਿੱਪਣੀ ਵਿਚ ਕਿਹਾ, 'ਪਹਿਲੀ ਗੱਲ ਤਾਂ ਇਹ ਕਿ ਅਸੀਂ ਕੈਨੇਡੀਅਨ ਅਧਿਕਾਰੀਆਂ ਨੂੰ ਦੱਸਿਆ ਕਿ ਇਹ ਭਾਰਤ ਸਰਕਾਰ ਦੀ ਨੀਤੀ ਨਹੀਂ ਹੈ। ਦੂਜਾ, ਅਸੀਂ ਕੈਨੇਡੀਅਨਾਂ ਨੂੰ ਕਿਹਾ ਕਿ ਦੇਖੋ, ਜੇਕਰ ਤੁਹਾਡੇ ਕੋਲ ਕੋਈ ਵਿਸ਼ੇਸ਼ ਸੂਚਨਾ ਹੈ, ਕੋਈ ਢੁੱਕਵੀਂ ਜਾਣਕਾਰੀ ਹੈ ਤਾਂ ਸਾਨੂੰ ਦੱਸੋ। ਅਸੀਂ ਇਸ ਉਤੇ ਵਿਚਾਰ ਕਰਨ ਲਈ ਤਿਆਰ ਹਾਂ।' ਜੈਸ਼ੰਕਰ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਕੈਨੇਡੀਅਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਇਸ ਮਾਮਲੇ ਵਿਚ 'ਕੋਈ ਦਸਤਾਵੇਜ਼ ਨਹੀਂ ਦਿੱਤਾ ਹੈ।' ਜ਼ਿਕਰਯੋਗ ਹੈ ਕਿ ਸੰਯੁਕਤ ਰਾਸ਼ਟਰ ਮਹਾਸਭਾ ਵਿਚ ਮੰਗਲਵਾਰ ਦਿੱਤੇ ਭਾਸ਼ਣ ਵਿਚ ਵੀ ਜੈਸ਼ੰਕਰ ਨੇ ਕੈਨੇਡਾ 'ਤੇ ਨਾਂ ਲਏ ਬਿਨਾ ਨਿਸ਼ਾਨਾ ਸੇਧਿਆ ਸੀ। ਜੈਸ਼ੰਕਰ ਨੇ ਕਿਹਾ, 'ਤੁਹਾਨੂੰ ਸੰਦਰਭ ਵੀ ਸਮਝਣਾ ਪਏਗਾ ਕਿਉਂਕਿ ਸੰਦਰਭ ਬਿਨਾ



*(ਬਾਕੀ ਸਫ਼ਾ 6 'ਤੇ)*

## ਜੈਸ਼ੰਕਰ ਨੇ ਸੰਯੁਕਤ ਰਾਸ਼ਟਰ 'ਚ ਨਾਂ ਲਏ ਬਿਨਾਂ ਕੈਨੇਡਾ 'ਤੇ ਸੇਧਿਆ ਨਿਸ਼ਾਨਾ

ਸੰਯੁਕਤ ਰਾਸ਼ਟਰ-ਭਾਰਤ ਨੇ ਅੱਜ ਸੰਯੁਕਤ ਰਾਸ਼ਟਰ ਦੇ ਮੈਂਬਰ ਮੁਲਕਾਂ ਨੂੰ ਕਿਹਾ ਕਿ ਅਤਵਾਦ ਖ਼ਿਲਾਫ਼ ਕਾਰਵਾਈ ਵੇਲੇ ਉਹ ਆਪਣੀ 'ਸਿਆਸੀ' ਸਹੂਲਤ' ਨੂੰ ਅੱਗੇ ਨਾ ਰੱਖਣ, ਤੇ ਦਹਿਸ਼ਤਗਰਦੀ, ਕੱਟੜਵਾਦ ਤੇ ਹਿੰਸਾ ਵਿਰੁੱਧ ਕਾਰਵਾਈ ਦੇ ਰਾਹ ਵਿਚ ਸਿਆਸੀ ਸਹੂਲਤ ਅੜਿੱਕਾ ਨਹੀਂ ਬਣਨੀ ਚਾਹੀਦੀ। ਸੰਯੁਕਤ ਰਾਸ਼ਟਰ ਮਹਾਸਭਾ ਦੇ 78ਵੇਂ ਸੈਸ਼ਨ ਨੂੰ ਸੰਬੋਧਨ ਕਰਦਿਆਂ ਭਾਰਤ ਦੇ ਵਿਦੇਸ਼ ਮੰਤਰੀ ਨੇ ਇਨ੍ਹਾਂ ਟਿੱਪਣੀਆਂ ਰਾਹੀਂ ਨਾਂ ਲਏ ਬਿਨਾ ਕੈਨੇਡਾ ਉਤੇ ਨਿਸ਼ਾਨਾ ਸੇਧਿਆ। ਜ਼ਿਕਰਯੋਗ ਹੈ ਕਿ ਖਾਲਿਸਤਾਨੀ ਵੱਖਵਾਦੀ ਦੀ ਹੱਤਿਆ ਦੇ ਮਾਮਲੇ ਉਤੇ ਭਾਰਤ-ਕੈਨੇਡਾ ਵਿਚਾਲੇ ਕੂਟਨੀਤਕ ਤਣਾਅ ਬਣਿਆ ਹੋਇਆ ਹੈ। ਜੈਸ਼ੰਕਰ ਵੱਲੋਂ ਵਰਤੇ ਗਏ 'ਸਿਆਸੀ ਸੁਵਿਧਾ' ਜਿਹੇ ਸ਼ਬਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲ ਸੇਧਿਤ ਜਾਪਦੇ ਹਨ ਜਨ੍ਹਿਾਂ ਖਾਲਿਸਤਾਨੀ ਵੱਖਵਾਦੀ ਦੀ ਹੱਤਿਆ ਦੀ ਸਾਜ਼ਿਸ਼ 'ਚ 'ਭਾਰਤੀ ਏਜੰਟਾਂ' ਦੀ ਸ਼ਮੂਲੀਅਤ ਦੇ ਦੋਸ਼ ਦੇਸ਼ ਦੀ ਸੰਸਦ ਵਿਚ ਲਾਏ ਸਨ। ਵਿਦੇਸ਼ ਮੰਤਰੀ ਨੇ ਨਾਲ ਹੀ ਕਿਹਾ ਕਿ ਖੇਤਰੀ ਅਖੰਡਤਾ ਅਤੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਨਾ ਦੇਣ ਦੇ ਸਿਧਾਂਤ ਦਾ ਸਤਿਕਾਰ 'ਕੇਵਲ ਮੌਕਾ ਦੇਖ ਕੇ ਤੇ ਆਪਣੇ ਹਿੱਤਾਂ ਮੁਤਾਬਕ' ਨਹੀਂ ਕੀਤਾ ਜਾ ਸਕਦਾ।' ਵਿਦੇਸ਼ ਮੰਤਰੀ ਦੀ ਇਸ ਟਿੱਪਣੀ ਨੂੰ ਅਮਰੀਕਾ ਵੱਲ ਸੇਧਿਤ ਮੰਨਿਆ ਜਾ ਰਿਹਾ ਹੈ, ਜਿਸ ਨੇ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਬਾਰੇ ਕੈਨੇਡਾ ਨੂੰ ਇੰਟੈਲੀਜੈਂਸ ਦੇਣ ਦਾ ਦਾਅਵਾ ਕੀਤਾ ਹੈ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਪੰਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਭਾਰਤ ਪੱਖੀ ਹੈਕਰਾਂ ਨੇ ਕੈਨਡੀਅਨ ਫੋਰਸਾਂ ਦੀ ਵੈੱਬਸਾਈਟ ’ਚ ਵਿਘਨ ਪਾਉਣ ਦੀ ਲਈ ਜ਼ਿੰਮੇਵਾਰੀ

ਓਟਵਾ-ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੀ ਵੈੱਬਸਾਈਟ ਬੁੱਧਵਾਰ ਆਰਜ਼ੀ ਤੌਰ ’ਤੇ ਬੰਦ ਹੋ ਗਈ ਸੀ ਜਿਸ ਸਬੰਧੀ ਭਾਰਤ ਪੱਖੀ ਹੈਕਰਾਂ ਨੇ ਸਾਈਬਰ ਹਮਲਾ ਕਰਨ ਦੀ ਜ਼ਿੰਮੇਵਾਰੀ ਲਈ ਹੈ। ‘ਦੀ ਗਲੋਬ ਐਂਡ ਮੇਲ’ ਨੂੰ ਇਕ ਬਿਆਨ ਵਿਚ ਨੈਸ਼ਨਲ ਡਿਫੈਂਸ ਵਿਭਾਗ ਵਿਖੇ ਮੀਡੀਆ ਰਿਲੇਸ਼ਨਜ਼ ਦੇ ਮੁਖੀ ਡੇਨੀਅਲ ਲੀ ਬੁਥਿਲੀਅਰ ਨੇ ਦੱਸਿਆ ਕਿ ਵਿਘਨ ਪੈਣਾ ਲਗਪਗ ਦੁਪਹਿਰ ਸਮੇਂ ਸ਼ੁਰੂ ਹੋਇਆ ਪਰ ਉਸ ਨੂੰ ਬਾਅਦ ਦੁਪਹਿਰ ਠੀਕ ਕਰ ਦਿੱਤਾ ਗਿਆ। ਕੁਝ ਡੈਸਕਟੌਪ ਯੂਜ਼ਰ ਅਜੇ ਵੀ ਵੈੱਬਸਾਈਟ ਤਕ ਪਹੁੰਚ ਕਰ ਸਕਦੇ ਹਨ ਜਦਕਿ ਬਹੁਤੇ ਮੋਬਾਈਲ ਡਿਵਾਈਸ ਨਹੀਂ ਕਰ ਸਕਦੇ। ਇਹ ਘਟਨਾ ਉਸ ਸਾਈਟ ’ਤੇ ਵਾਪਰੀ ਜਿਹੜੀ ਕੈਨੇਡਾ ਸਰਕਾਰ ਅਤੇ ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਦੀ ਸਰਕਾਰੀ ਵੈੱਬਸਾਈਟਸ ਅਤੇ ਅੰਦਰੂਨੀ ਨੈੱਟਵਰਕ ਤੋਂ ਵੱਖਰੀ ਹੈ। ਸਾਡੇ ਕੋਲ ਸਾਡੇ ਸਿਸਟਮ ’ਤੇ ਵਿਆਪਕ ਪ੍ਰਭਾਵ ਦਾ ਕੋਈ ਸੰਕੇਤ ਨਹੀਂ ਪਰ ਉਨ੍ਹਾਂ ਹੋਰ ਵੇਰਵੇ ਨਹੀਂ ਦਿੱਤੇ। ਕੈਨੇਡੀਅਨ ਫੋਰਸਿਜ਼ ਜਿਹੜੀ ਜਲਸੈਨਾ, ਸਪੈਸ਼ਲ ਕਮਾਂਡ ਗਰੁੱਪਾਂ, ਏਅਰ ਫੋਰਸ ਅਤੇ ਪੁਲਾੜ ਆਪਰੇਸ਼ਨਾਂ ਸਮੇਤ ਕੈਨੇਡਾ ਦੇ ਸਾਰੇ ਸੈਨਿਕ ਆਪਰੇਸ਼ਨਾਂ ਦੀ ਨੁਮਾਇੰਦਗੀ ਕਰਦੀ ਹੈ ਮੁੱਦੇ ਦੀ ਜਾਂਚ ਕਰ ਰਹੀ ਹੈ। ਇਸ ਤੋਂ ਪਹਿਲਾਂ ਹੈਕਰਾਂ ਦੇ ਗਰੁੱਪ ਇੰਡੀਅਨ ਸਾਈਬਰ ਫੋਰਸ ਜਿਹੜੀ ਇਸ ਮਹੀਨੇ ਤਣਾਅ ਕਾਰਨ ਪੈਦਾ ਹੋਈ, ਨੇ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਹੈ। ਮੈਸੰਜਰ ਐਪ ਟੈਲੀਗ੍ਰਾਮ ਅਤੇ ਐਕਸ ਸੋਸ਼ਲ ਮੀਡੀਆ ਪਲੇਟਫਾਰਮ ਜਿਸ ਨੂੰ ਪਹਿਲਾਂ ਟਵਿੱਟਰ ਵਜੋਂ ਜਾਣਿਆਂ ਜਾਂਦਾ ਸੀ ’ਤੇ ਪਾਈ ਪੋਸਟ ਵਿਚ ਇੰਡੀਅਨ ਸਾਈਬਰ ਫੋਰਸ ਨੇ ਕੈਨੇਡੀਅਨ ਮਿਲਟਰੀ ਵੈੱਬਸਾਈਟ ਦੇ ਸਕਰੀਨ ਸ਼ਾਟਸ ਸਾਂਝੇ ਕੀਤੇ ਹਨ। ਭਾਰਤ ਪੱਖੀ ਗਰੁੱਪ ਨੇ ਦਾਅਵਾ ਕੀਤਾ ਸੀ ਕਿ ਇਹ ਵਿਘਨ ਦੋ ਘੰਟੇ ਤਕ ਚੱਲਿਆ। ਪਿਛਲੇ ਹਫ਼ਤੇ ਕੈਨੇਡਾ ਦੀ ਇੰਟੈਲੀਜੈਂਸ ਏਜੰਸੀ ਨੇ ਇਸ ਦੇਸ਼ ਵਿਚ ਸੂਚਨਾ ਤੇ ਤਕਨਾਲੋਜੀ ਪ੍ਰਸ਼ਾਸਕਾਂ ਨੂੰ ਸਾਈਬਰ ਹਮਲੇ ਵਧਣ ਵਿਰੁੱਧ ਸੁਚੇਤ ਰਹਿਣ ਦੀ ਚਿਤਾਵਨੀ ਦਿੱਤੀ ਸੀ। ਇਸ ਚਿਤਾਵਨੀ ਤੋਂ ਪਹਿਲਾਂ ਇੰਡੀਅਨ ਸਾਈਬਰ ਫੋਰਸ ਨੇ ਕੈਨੇਡਾ ਨੂੰ 20 ਸਤੰਬਰ ਨੂੰ ਸੋਸ਼ਲ ਮੀਡੀਆ ’ਤੇ ਚਿਤਾਵਨੀ ਦਿੱਤੀ ਸੀ ਕਿ ਉਹ ਆਉਣ ਵਾਲੇ ਦਿਨਾਂ ਵਿਚ ਕੈਨੇਡੀਅਨ ਸਾਈਬਰ ਸਪੇਸ ’ਤੇ ਉਸ ਦੇ ਹਮਲਿਆਂ ਦੀ ਤਾਕਤ ਨੂੰ ਮਹਿਸੂਸ ਕਰਨ ਲਈ ਤਿਆਰ ਰਹੇ। 22 ਸਤੰਬਰ ਨੂੰ ਗਰੁੱਪ ਨੇ ਕਿਹਾ ਕਿ ਇਹ ਲਗਦਾ ਹੈ ਕਿ ਕੈਨੇਡੀਅਨ ਸਰਕਾਰ ਦੇ ਦੋਸ਼ ਅਤੇ ਭਾਰਤ ਵਿਰੋਧੀ ਰਾਜਨੀਤੀ ਹੱਦਾਂ ਤੋਂ ਪਾਰ ਲੰਘ ਗਈ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਪਾਰਲੀਮੈਂਟ ਵਿਚ ਇਹ ਦੋਸ਼ ਲਗਾਇਆ ਸੀ ਕਿ ਕੈਨੇਡੀਅਨ ਨਾਗਰਿਕ ਅਤੇ ਪ੍ਰਮੁੱਖ ਸਿਖ ਆਗੂ ਹਰਦੀਪ ਸਿੰਘ ਨਿੱਝਰ ਦੇ ਬ੍ਰਿਟਿਸ਼ ਕੋਲੰਬੀਆ ਵਿਚ ਕਤਲ ’ਚ ਭਾਰਤ ਸਰਕਾਰ ਦੇ ਏਜੰਟਾਂ ਦੀ ਭੂਮਿਕਾ ਸੀ। ਭਾਰਤ ਨੇ ਕਿਸੇ ਤਰ੍ਹਾਂ ਦੀ ਵੀ ਸ਼ਮੂਲੀਅਤ ਤੋਂ ਇਨਕਾਰ ਕਰਦਿਆਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ।






# ਰਣਦੀਪ ਸਰਾਏ ਸੰਸਦੀ ਸਕੱਤਰ ਨਿਯੁਕਤ

ਓਟਵਾ-ਸਰੀ ਸੈਂਟਰਲ ਤੋਂ ਲਿਬਰਲ ਐਮਪੀ ਰਣਦੀਪ ਸਰਾਏ ਨੂੰ ਸਾਬਕਾ ਸੈਨਿਕ ਮਾਮਲਿਆਂ ਦੇ ਮੰਤਰੀ ਅਤੇ ਨੈਸ਼ਨਲ ਡਿਫੈਂਸ ਦੇ ਐਸੋਸੀਏਟ ਮੰਤਰੀ ਦਾ ਸੰਸਦੀ ਸਕੱਤਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨਾਉ ਲੀਡਰ ਨੂੰ ਦੱਸਿਆ ਕਿ ਉਸ ਦੇ ਪਿਤਾ ਵਲੋਂ ਦੂਸਰੀ ਵਿਸ਼ਵ ਜੰਗ ਲੜਨ ਅਤੇ ਸਰੀ ਵਿਚ ਸਾਬਕਾ ਸੈਨਿਕ ਮਾਮਲਿਆਂ ਦੇ ਸੈਂਟਰ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਨਿਯੁਕਤੀ ਮੇਰੇ ਲਈ ਬਹੁਤ ਨਿੱਜੀ ਹੈ। ਸਰੀ ਵਿਚ ਵੈਟਰਨ ਅਫੇਅਰਜ਼ ਸੈਂਟਰ ਲਈ ਸਰਾਏ ਨੇ ਸਭ ਤੋਂ ਪਹਿਲਾਂ ਲਾਬਿੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਵੈਟਰਨ ਵਿਲੇਜ ਕਾਰਨ ਹੀ ਉਨ੍ਹਾਂ ਵੈਟਰਨ ਅਫੇਅਰਜ ਲਈ ਲਾਬੀ ਕੀਤੀ ਅਤੇ ਉਹ ਮੇਰੇ ਚੁਣੇ ਜਾਣ ਤੋਂ ਕੁਝ ਦਿਨ ਬਾਅਦ ਮੈਨੂੰ ਮਿਲੇ ਸੀ। ਇਸ ਸੁੰਦਰ ਵੈਟਰਨਜ਼ ਵਿਲੇਜ ਨੂੰ ਬਣਾਉਣ ਦਾ ਉਨ੍ਹਾਂ ਦਾ ਹੀ ਨਜ਼ਰੀਆ ਸੀ। ਉਨ੍ਹਾਂ ਦੇ ਪਿਤਾ ਨੇ ਬ੍ਰਿਟਿਸ਼ ਇੰਡੀਅਨ ਆਰਮੀ ਜਿਹੜੀ 1947 ਪਿੱਛੋਂ ਭਾਰਤੀ ਫ਼ੌਜ ਬਣ ਗਈ ਲਈ ਮੱਧ ਪੂਰਬ ਵਿਚ ਜੰਗ ਲੜੀ ਸੀ ਅਤੇ ਫਿਰ ਉਹ 1959 ਵਿਚ ਕੈਨੇਡਾ ਆ ਗਏ। ਉਨ੍ਹਾਂ ਦੇ ਚਾਚਾ ਜੰਗੀ ਕੈਦੀ ਸਨ ਜਿਨ੍ਹਾਂ ਨੂੰ ਜਰਮਨ ਸੈਨਿਕਾਂ ਨੂੰ ਫੜ ਲਿਆ ਸੀ। ਇਸ ਲਈ ਦੋ ਭਰਾਵਾਂ ਨੇ ਦੂਸਰੀ ਵਿਸ਼ਵ ਜੰਗ ਵਿਚ ਸੇਵਾ ਕੀਤੀ। ਸਰਾਏ ਨੇ ਕਿਹਾ ਕਿ ਕਈ ਵਾਰ ਲੋਕ ਇਹ ਭੁੱਲ ਜਾਂਦੇ ਹਨ ਕਿ ਆਰਸੀਐਮਪੀ ਨੂੰ ਇਸ ਤਹਿਤ ਵੈਟਰਨ ਹੀ ਮੰਨਿਆਂ ਜਾਂਦਾ ਹੈ ਅਤੇ ਸਰੀ ਵਿਚ ਈ ਡਵੀਜ਼ਨ ਦਾ ਹੈਡਕੁਆਟਰ ਹੋਣਾ ਬਹੁਤ ਮਹੱਤਵਪੂਰਣ ਹੈ ਕਿਉਂਕਿ ਵੈਟਰਨ ਦਾ ਦਫਤਰ ਕੇਵਲ ਸੈਨਿਕ ਵੈਟਰਨਜ਼ ਦੀ ਹੀ ਨਹੀਂ ਸਗੋਂ ਆਰਸੀਐਮਪੀ ਵੈਟਰਨਜ਼ ਦੀ ਵੀ ਸੇਵਾ ਕਰਦਾ ਹੈ।









# ਭਾਰਤ 'ਚ ਅਮਰੀਕੀ ਮਿਸ਼ਨ ਨੇ 10 ਲੱਖ ਗੈਰ-ਪਰਵਾਸੀ ਵੀਜ਼ੇ ਜਾਰੀ ਕੀਤੇ

ਨਵੀਂ ਦਿੱਲੀ-ਭਾਰਤ ਵਿੱਚ ਅਮਰੀਕੀ ਮਿਸ਼ਨ ਨੇ ਮੌਜੂਦਾ ਵਰ੍ਹੇ 10 ਲੱਖ ਗੈਰ-ਪਰਵਾਸੀ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਦੇ ਆਪਣੇ ਟੀਚੇ ਨੂੰ ਪਾਰ ਕਰ ਲਿਆ ਹੈ ਅਤੇ ਕਿਹਾ ਹੈ ਕਿ ਭਾਰਤੀ ਹੁਣ ਦੁਨੀਆ ਭਰ ਦੇ ਸਾਰੇ ਵੀਜ਼ਾ ਬਨੈਕਾਰਾਂ ਵਿੱਚੋਂ 10 ਫ਼ੀਸਦ ਤੋਂ ਵੱਧ ਦੀ ਨੁਮਾਇੰਦਗੀ ਕਰਦੇ ਹਨ। ਇਨ੍ਹਾਂ 'ਚ ਸਟੂਡੈਂਟ ਵੀਜ਼ਾ ਬਨੈਕਾਰਾਂ ਵਿੱਚੋਂ 20 ਪ੍ਰਤੀਸ਼ਤ ਅਤੇ ਐੱਚਐਂਡਐੱਲ ਸ਼੍ਰੇਣੀ (ਰੁਜ਼ਗਾਰ) ਦੇ 65 ਫ਼ੀਸਦ ਬਨੈਕਾਰ ਸ਼ਾਮਲ ਹਨ। ਭਾਰਤ ਵਿੱਚ ਅਮਰੀਕਾ ਦੇ ਰਾਜਦੂਤ ਐਰਿਕ ਗਾਰਸੈਟੀ ਨੇ ਨਿੱਜੀ ਤੌਰ 'ਤੇ ਇੱਕ ਜੋੜੇ ਨੂੰ 10 ਲੱਖਵਾਂ ਵੀਜ਼ਾ ਸੌਂਪਿਆ, ਜੋ ਐੱਮਆਈਟੀ ਵਿੱਚ ਆਪਣੇ ਪੁੱਤਰ ਦੇ ਗ੍ਰੈਜੂਏਸ਼ਨ ਸਮਾਗਮ ਵਿੱਚ ਸ਼ਾਮਲ ਹੋਣ ਲਈ ਅਮਰੀਕਾ ਜਾ ਰਿਹਾ ਹੈ। ਲੇਡੀ ਹਾਰਡਿੰਗ ਕਾਲਜ ਦੀ ਸੀਨੀਅਰ ਸਲਾਹਕਾਰ ਡਾਕਟਰ ਰੰਜੂ ਸਿੰਘ ਨੂੰ ਅਮਰੀਕੀ ਦੂਤਘਰ ਤੋਂ ਇਸ ਸਾਲ ਦਾ 10 ਲੱਖਵਾਂ ਵੀਜ਼ਾ ਮਿਲਣ ਦੀ ਈਮੇਲ ਆਉਣ 'ਤੇ ਉਹ ਬਹੁਤ ਖ਼ੁਸ਼ ਹੋਈ।

# ਗੁਜਰਾਤ 'ਚ 800 ਕਰੋੜ ਦੀ ਕੋਕੀਨ ਜ਼ਬਤ

ਗਾਂਧੀਧਾਮ (ਗੁਜਰਾਤ)-ਗੁਜਰਾਤ ਦੇ ਕੱਛ ਜ਼ਿਲ੍ਹੇ ਦੇ ਗਾਂਧੀਧਾਮ ਸ਼ਹਿਰ ਨੇੜੇ ਇਕ ਖਾੜੀ ਦੇ ਕੰਢਿਓਂ ਅੱਜ 80 ਕਿਲੋਗ੍ਰਾਮ ਕੋਕੀਨ ਬਰਾਮਦ ਕੀਤੀ ਗਈ ਹੈ ਜਿਸ ਦੀ ਕੀਮਤ ਲਗਭਗ 800 ਕਰੋੜ ਰੁਪਏ ਹੈ। ਪੁਲੀਸ ਅਨੁਸਾਰ ਇਸ ਪਾਬੰਦੀਸ਼ੁਦੀ ਪਦਾਰਥ ਦੇ ਇਕ-ਇਕ ਕਿਲੋ ਦੇ 80 ਪੈਕਟ ਬਰਾਮਦ ਹੋਏ ਹਨ। ਕੱਛ ਮੰਡਲ ਦੇ ਐੱਸਪੀ ਸਾਗਰ ਬਾਗਮਾਰ ਨੇ ਦੱਸਿਆ ਕਿ ਫੜੇ ਜਾਣ ਦੇ ਡਰੋਂ ਤਸਕਰਾਂ ਨੇ ਪੈਕਟ ਸੁੱਟ ਦਿੱਤੇ ਹੋਣਗੇ ਕਿਉਂਕਿ ਇਸ ਇਲਾਕੇ ਵਿੱਚ ਪੁਲੀਸ ਪਹਿਲਾਂ ਹੀ ਸਰਗਰਮ ਹੈ। ਉਨ੍ਹਾਂ ਦੱਸਿਆ ਕਿ ਕੋਕੀਨ ਨੂੰ ਗਾਂਧੀਧਾਮ ਸ਼ਹਿਰ ਨੇੜੇ ਪਿੰਡ ਮਿਥੀ ਰੋਹਰ ਨੇੜਲੀ ਖਾੜੀ ਦੇ ਕਨਾਰੇ ਸੁੱਟਿਆ ਗਿਆ ਸੀ।

# ਐੱਨ ਆਈ ਏ ਨੇ ਪੰਜਾਬ, ਦਿੱਲੀ ਤੇ ਚੰਡੀਗੜ੍ਹ ਸਣੇ ਪੰਜ ਸੂਬਿਆਂ ਵਿਚ 53 ਥਾਈਂ ਛਾਪੇ ਮਾਰੇ

ਨਵੀਂ ਦਿੱਲੀ-ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਅਤਿਵਾਦੀਆਂ, ਗੈਂਗਸਟਰਾਂ ਤੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਖ਼ਿਲਾਫ਼ ਕਾਰਵਾਈ ਕਰਦਿਆਂ ਦੇਸ਼ ਦੇ ਕਈ ਸੂਬਿਆਂ ਵਿੱਚ ਛਾਪੇ ਮਾਰੇ ਤੇ ਕਈ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ। ਜਾਂਚ ਏਜੰਸੀ ਦੇ ਬੁਲਾਰੇ ਨੇ ਕਿਹਾ ਕਿ ਇਹ ਛਾਪੇ ਸੂਚੀਬੱਧ ਅਤਵਾਦੀ ਅਰਸ਼ ਡੱਲਾ ਦੇ ਸਹਿਯੋਗੀਆਂ ਤੇ ਹੋਰਨਾਂ ਗੈਂਗਸਟਰਾਂ ਖ਼ਿਲਾਫ਼ ਦਰਜ ਮਾਮਲਿਆਂ ਨਾਲ ਸਬੰਧਤ ਸਨ। ਉਨ੍ਹਾਂ ਕਿਹਾ ਕਿ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਤੇ ਉਤਰਾਖੰਡ ਸਣੇ ਦਿੱਲੀ ਅਤੇ ਚੰਡੀਗੜ੍ਹ ਵਿੱਚ ਕੁੱਲ 53 ਥਾਈਂ ਛਾਪੇ ਮਾਰੇ ਗਏ ਅਤੇ ਇਸ ਦੌਰਾਨ ਸਥਾਨਕ ਪੁਲੀਸ ਨੇ ਪੂਰਾ ਸਹਿਯੋਗ ਦਿੱਤਾ। ਇਨ੍ਹਾਂ ਛਾਪਿਆਂ ਦੌਰਾਨ ਪਿਸਤੌਲਾਂ, ਗੋਲਾ-ਬਰੂਦ, ਵੱਡੀ ਗਿਣਤੀ ਵਿੱਚ ਡਿਜੀਟਲ ਉਪਕਰਨ ਅਤੇ ਭੜਕਾਊ ਸਮੱਗਰੀ ਜ਼ਬਤ ਕੀਤੀ ਗਈ। ਜਾਂਚ ਏਜੰਸੀ ਦੀ ਇਹ ਕਾਰਵਾਈ ਪਾਕਿਸਤਾਨ, ਸੰਯੁਕਤ ਅਰਬ ਅਮੀਰਾਤ, ਕੈਨੇਡਾ, ਪੁਰਤਗਾਲ ਤੇ ਹੋਰ ਦੇਸ਼ਾਂ ਵਿੱਚ ਸਥਿਤ ਅਤਵਾਦੀ ਸੰਗਠਨਾਂ ਤੇ ਨਸ਼ਾ ਤਸਕਰਾਂ ਨਾਲ ਕੰਮ ਕਰਨ ਵਾਲੇ ਵੱਖ ਵੱਖ ਗਰੋਹਾਂ ਨਾਲ ਜੁੜੇ



ਹਥਿਆਰਾਂ ਦੇ ਸਪਲਾਇਰਾਂ, ਫਾਇਨਾਂਸਰਾਂ ਤੇ ਹੋਰ ਸਾਮਾਨ ਮੁਹੱਈਆ ਕਰਵਾਉਣ ਵਾਲੇ ਅਨਸਰਾਂ 'ਤੇ ਕੇਂਦਰਿਤ ਸੀ। ਜਨ੍ਹਿਾਂ ਥਾਵਾਂ 'ਤੇ ਛਾਪੇ ਮਾਰੇ ਗਏ ਉਨ੍ਹਾਂ ਵਿੱਚ ਹਰਿਆਣਾ ਦਾ ਰੋਹਤਕ, ਸਿਰਸਾ, ਫਤਿਹਾਬਾਦ ਤੇ ਫਰੀਦਾਬਾਦ ਜ਼ਿਲ੍ਹੇ, ਰਾਜਸਥਾਨ ਵਿੱਚ ਸ੍ਰੀਗੰਗਾਨਗਰ, ਝੁੰਝੁਨੂੰ, ਹਨੂਮਾਨਗੜ੍ਹ ਤੇ ਜੋਧਪੁਰ ਜ਼ਿਲ੍ਹੇ, ਉੱਤਰ ਪ੍ਰਦੇਸ਼ ਵਿੱਚ ਗੋਰਖ਼ਪੁਰ, ਉਤਰਾਖੰਡ ਵਿੱਚ ਦੇਹਰਾਦੂਨ ਤੇ ਊਧਮਸਿੰਘ ਨਗਰ ਜ਼ਿਲ੍ਹੇ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਦਿੱਲੀ ਐੱਨਸੀਆਰ ਦੇ ਦੱਖਣ-ਪੂਰਬੀ ਜ਼ਿਲ੍ਹੇ ਅਤੇ ਚੰਡੀਗੜ੍ਹ ਵਿੱਚ ਵੀ ਛਾਪੇ ਮਾਰੇ ਗਏ। ਬੁਲਾਰੇ ਅਨੁਸਾਰ ਡੱਲਾ ਤੋਂ ਇਲਾਵਾ ਇਨ੍ਹਾਂ ਛਾਪਿਆਂ ਦੌਰਾਨ ਜਾਂਚ ਦੇ ਘੇਰੇ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ, ਸੁੱਖਾ ਦੁਨੇਕੇ, ਹੈਰੀ ਮੌਰ, ਨਰੇਂਦਰ ਉਰਫ ਲਾਲੀ, ਕਾਲਾ ਜਠੇੜੀ ਤੇ ਦੀਪਕ ਟੀਨੂੰ ਵੀ ਸਨ। ਅਗਸਤ 2022 ਵਿੱਚ ਪੰਜ ਮਾਮਲੇ ਦਰਜ ਕਰਨ ਮਗਰੋਂ ਐੱਨਆਈਏ ਵੱਲੋਂ ਸ਼ੁਰੂ ਕੀਤੀ ਗਈ ਕਾਰਵਾਈ ਦੀ ਲੜੀ ਤਹਿਤ ਇਹ ਸੱਤਵੀਂ ਛਾਪੇਮਾਰੀ ਸੀ। ਇਹ ਕੇਸ ਖਾਲਿਸਤਾਨ ਸਮਰਥਕ ਸੰਗਠਨਾਂ ਨੂੰ ਦਿੱਤੇ ਜਾਂਦੇ ਅਤਵਾਦੀ ਫੰਡ, ਗੈਂਗਸਟਰਾਂ ਵੱਲੋਂ ਕੀਤੀ ਜਾਂਦੀ ਜਬਰੀ ਵਸੂਲੀ ਤੇ ਹੱਤਿਆਵਾਂ ਦੀਆਂ ਸਾਜ਼ਿਸ਼ਾਂ ਨਾਲ ਸਬੰਧਤ ਹਨ।

# ਖਾਲਿਸਤਾਨੀ ਆਗੂ ਨਿੱਝਰ ਤੇ ਗੈਂਗਸਟਰ ਡੱਲਾ ਮਿਲਕੇ ਕਰਦੇ ਸਨ ਕਾਰਵਾਈਆਂ-ਐਨ.ਆਈ.ਏ. ਦੀ ਚਾਰਜਸ਼ੀਟ ਵਿਚ ਖੁਲਾਸਾ

ਨਵੀਂ ਦਿੱਲੀ-ਕੌਮੀ ਜਾਂਚ ਏਜੰਸੀ (ਐੱਨਆਈਏ) ਵੱਲੋਂ ਦਾਇਰ ਚਾਰਜਸ਼ੀਟ ਮੁਤਾਬਕ ਖਾਲਿਸਤਾਨ ਹਮਾਇਤੀ ਵੱਖਵਾਦੀ ਸਿੱਖ ਆਗੂ ਹਦਰੀਪ ਸਿੰਘ ਨਿੱਝਰ, ਜਿਸ ਦੀ ਜੂਨ ਵਿੱਚ ਹੱਤਿਆ ਕਰ ਦਿੱਤੀ ਗਈ ਸੀ, ਤੇ ਗੈਂਗਸਟਰ ਤੋਂ ਦਹਿਸ਼ਤਗਰਦ ਬਣਿਆ ਅਰਸ਼ਦੀਪ ਸਿੰਘ ਉਰਫ਼ ਅਰਸ਼ ਡੱਲਾ ਕੈਨੇਡਾ ਵਿੱਚ ਦਹਿਸ਼ਤੀ ਸਰਗਰਮੀਆਂ ਨੂੰ ਅੰਜਾਮ ਦੇਣ ਲਈ ਸ਼ੂਟਰਾਂ ਨੂੰ ਵਰਗਲਾਉਂਦੇ ਸਨ ਤੇ ਬਦਲੇ ਵਿੱਚ ਉਨ੍ਹਾਂ ਲਈ 'ਵੀਜ਼ਿਆਂ, ਸ਼ਾਨਦਾਰ ਨੌਕਰੀਆਂ ਤੇ ਚੰਗੀਆਂ ਤਨਖਾਹਾਂ ਦਾ ਪ੍ਰਬੰਧ ਕਰਦੇ ਸਨ। ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਨਿੱਝਰ ਦੀ ਇਸ ਸਾਲ 18 ਜੂਨ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਗੁਰਦੁਆਰੇ ਦੇ ਬਾਹਰ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਨਿੱਝਰ ਤੇ ਡੱਲਾ ਦੋਵੇਂ ਕੈਨੇਡਾ ਅਧਾਰਿਤ ਸਨ। ਚਾਰਜਸ਼ੀਟ ਵਿੱਚ ਕਿਹਾ ਗਿਆ, "ਆਲਮੀ ਦਹਿਸ਼ਤਗਰਦਾਂ ਹਰਦੀਪ ਸਿੰਘ ਨਿੱਝਰ, ਅਰਸ਼ਦੀਪ ਸਿੰਘ ਉਰਫ਼ ਅਰਸ਼ ਤੇ ਹੋਰਨਾਂ ਨੇ ਦਹਿਸ਼ਤੀ ਗਰੋਹ ਬਣਾਇਆ ਸੀ। ਉਹ ਪੰਜਾਬ ਵਿੱਚ ਸਮਾਜ ਦੇ ਵੱਖ ਵੱਖ ਵਰਗਾਂ ਵਿੱਚ ਖ਼ੌਫ ਤੇ ਨਫ਼ਰਤ ਦਾ ਮਾਹੌਲ ਪੈਦਾ ਕਰਨ ਲਈ ਲੋਕਾਂ ਨੂੰ ਅਗਵਾ ਤੇ ਉਨ੍ਹਾਂ ਦੀ ਹੱਤਿਆ ਕਰਦੇ ਸਨ।" ਚਾਰਜਸ਼ੀਟ ਮੁਤਾਬਕ, "ਤਫ਼ਤੀਸ਼ ਦੌਰਾਨ ਖੁਲਾਸਾ ਹੋਇਆ ਕਿ ਨਿੱਝਰ ਤੇ ਅਰਸ਼ ਲੋਕਾਂ ਨੂੰ ਦਹਿਸ਼ਤੀ ਸਰਗਰਮੀਆਂ ਲਈ ਵਰਗਲਾਉਂਦੇ ਤੇ ਬਦਲੇ ਵਿੱਚ ਉਨ੍ਹਾਂ ਲਈ ਕੈਨੇਡਾ ਵਿਚ ਵੀਜ਼ਿਆਂ, ਨੌਕਰੀ ਤੇ ਚੰਗੀਆਂ ਤਨਖਾਹਾਂ ਦਾ ਪ੍ਰਬੰਧ ਕਰਦੇ ਸਨ। ਸ਼ੁਰੂਆਤ ਵਿੱਚ ਉਹ ਪੰਜਾਬ ਦੇ ਕਾਰੋਬਾਰੀਆਂ ਨੂੰ ਧਮਕਾ ਕੇ ਉਨ੍ਹਾਂ ਤੋਂ ਜਬਰੀ ਪੈਸਾ ਵਸੂਲਦੇ ਸਨ ਤੇ ਮਗਰੋਂ ਉਨ੍ਹਾਂ (ਨੌਜਵਾਨਾਂ ਨੂੰ) ਹੋਰਨਾਂ ਧਰਮਾਂ ਤੇ ਅਕੀਦਿਆਂ ਦੇ ਲੋਕਾਂ ਦੀਆਂ ਹੱਤਿਆਵਾਂ ਲਈ ਦਹਿਸ਼ਤੀ ਕਾਰਵਾਈਆਂ ਕਰਨ ਲਈ ਪ੍ਰੇਰਿਆ।" ਇੰਟੈਲੀਜੈਂਸ ਵਿਚਲੇ ਸੂਤਰਾਂ ਮੁਤਾਬਕ ਇਨ੍ਹਾਂ ਨੌਜਵਾਨਾਂ ਨੂੰ ਸ਼ੁਰੂਆਤ ਵਿੱਚ ਕੈਨੇਡਾ 'ਚ ਪਲੰਬਿੰਗ, ਟਰੱਕ ਡਰਾਈਵਿੰਗ ਜਾਂ ਧਾਰਮਿਕ ਅਸਥਾਨਾਂ ਵਿੱਚ ਸੇਵਾ ਨਾਲ ਜੁੜੀਆਂ ਵੱਖ ਵੱਖ ਭੂਮਿਕਾਵਾਂ ਨਿਭਾਉਣ ਲਈ ਲਿਆਂਦਾ ਗਿਆ। ਕੈਨੇਡਾ ਵਿੱਚ ਸਰੀ, ਬਰੈਂਪਟਨ, ਐਡਮੰਟਨ ਸਣੇ 30 ਤੋਂ ਵੱਧ ਗੁਰਦੁਆਰਿਆਂ ਨੂੰ ਖਾਲਿਸਤਾਨ ਪੱਖੀ ਲੋਕ ਚਲਾਉਂਦੇ ਹਨ। ਸੂਤਰਾਂ ਨੇ ਕਿਹਾ ਕਿ ਇਨ੍ਹਾਂ ਨੌਜਵਾਨਾਂ ਨੂੰ ਭਾਰਤ ਵਿਰੋਧੀ ਰੋਸ ਮੁਜ਼ਾਹਰਿਆਂ ਤੇ ਕੱਟੜਵਾਦੀ ਧਾਰਮਿਕ ਇਕੱਠਾਂ ਲਈ ਉਕਸਾਇਆ ਜਾਂਦਾ ਹੈ। ਸੂਤਰਾਂ ਨੇ ਦਾਅਵਾ ਕੀਤਾ ਕਿ ਅਜਿਹੇ ਵਿਦਿਆਰਥੀ, ਜੋ ਕੈਨੇਡਾ ਵਿੱਚ ਆਪਣੀ ਪੜ੍ਹਾਈ ਪੂਰੀ ਕਰ ਚੁੱਕੇ ਹਨ ਪਰ ਯੋਗ ਨੌਕਰੀ ਹਾਸਲ ਕਰਨ ਲਈ ਜੱਦੋ ਜਹਿਦ ਕਰ ਰਹੇ ਹਨ, ਇਨ੍ਹਾਂ ਕੱਟੜਵਾਦੀਆਂ ਦੇ ਸੌਖੇ ਸ਼ਿਕਾਰ ਹੁੰਦੇ ਹਨ। ਉਨ੍ਹਾਂ ਕਿਹਾ ਕਿ ਖਾਲਿਸਤਾਨ ਪੱਖੀ ਇੰਤਹਾਪਸੰਦ ਅਜਿਹੇ ਨੌਜਵਾਨਾਂ ਨੂੰ ਸਿਰ 'ਤੇ ਛੱਤ ਦੀ ਪੇਸ਼ਕਸ਼ ਕਰਦੇ ਹਨ ਤੇ ਗੁਰਦੁਆਰੇ ਦੇ ਵਸੀਲਿਆਂ ਦੀ ਵਰਤੋਂ ਕਰਕੇ ਛੋਟੇ ਮੋਟੇ ਕੰਮ ਦਿਵਾਉਂਦੇ ਹਨ। 'ਸਿੱਖਸ ਫਾਰ ਜਸਟਿਸ' ਨੂੰ ਭਾਰਤ ਵਿਰੋਧੀ ਪ੍ਰਚਾਰ ਲਈ ਹਮਾਇਤ ਜੁਟਾਉਣ ਲੱਗਿਆਂ ਚੁਣੌਤੀਆਂ ਦਰਪੇਸ਼ ਹੋਈਆਂ ਤਾਂ ਨਿੱਝਰ ਤੇ ਉਸ ਦੇ ਹੋਰਨਾਂ ਸਹਾਇਕਾਂ ਨੇ ਆਪਣੀ ਮੁਹਿੰਮ ਨੂੰ ਸਫ਼ਲ ਦਿਖਾਉਣ ਲਈ ਇਨ੍ਹਾਂ 'ਫੁਟ ਸੋਲਜ਼ਰਾਂ' ਦੀ ਵਰਤੋਂ ਕੀਤੀ।

# ਉਜੈਨ ਦੀ ਸੜਕ 'ਤੇ ਖ਼ੂਨ ਨਾਲ ਲੱਥਪੱਥ ਮਿਲੀ 12 ਸਾਲਾ ਲੜਕੀ

ਉਜੈਨ (ਮੱਧ ਪ੍ਰਦੇਸ਼)-ਮੱਧ ਪ੍ਰਦੇਸ਼ ਦੇ ਉਜੈਨ ਸ਼ਹਿਰ ਵਿੱਚ 12 ਸਾਲਾ ਲੜਕੀ ਸੜਕ ਕਨਾਰੇ ਖ਼ੂਨ ਨਾਲ ਲੱਥਪੱਥ ਹਾਲਤ ਵਿੱਚ ਮਿਲੀ ਅਤੇ ਡਾਕਟਰੀ ਜਾਂਚ ਵਿੱਚ ਉਸ ਨਾਲ ਬਲਾਤਕਾਰ ਹੋਣ ਦੀ ਪੁਸ਼ਟੀ ਹੋਈ ਹੈ। ਮਾਮਲੇ ਦੀ ਜਾਂਚ ਅਤੇ ਸੀਸੀਟੀਵੀ ਫੁਟੇਜ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਕਾਇਮ ਕੀਤੀ ਗਈ ਹੈ। ਪੁਲੀਸ ਮੁਤਾਬਕ 25 ਸਤੰਬਰ ਨੂੰ ਇੱਥੇ ਮਿਲੀ ਲੜਕੀ ਸ਼ਾਇਦ ਗੁਆਂਢੀ ਰਾਜ ਉੱਤਰ ਪ੍ਰਦੇਸ਼ ਦੀ ਹੈ ਪਰ ਉਸ ਦੀ ਪਛਾਣ ਹੋਣੀ ਬਾਕੀ ਹੈ। ਉਹ ਆਪਣਾ ਨਾਮ ਅਤੇ ਪਤਾ ਸਹੀ ਢੰਗ ਨਾਲ ਨਹੀਂ ਦੱਸ ਸਕੀ। ਉਸ ਦੀ ਹਾਲਤ ਗੰਭੀਰ ਹੈ ਤੇ ਉਸ ਨੂੰ ਇਲਾਜ ਲਈ ਇੰਦੌਰ ਭੇਜ ਦਿੱਤਾ ਗਿਆ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਉੱਘੇ ਖੇਤੀ ਵਿਗਿਆਨੀ ਐੱਮ ਐੱਸ ਸਵਾਮੀਨਾਥਨ ਦਾ ਦੇਹਾਂਤ



ਚੇਨੱਈ-ਭੁੱਖਮਰੀ ਖ਼ਿਲਾਫ਼ ਉਮਰ ਭਰ ਸੰਘਰਸ਼ ਕਰਨ ਅਤੇ ਦੇਸ਼ 'ਚ ਹਰੇ ਇਨਕਲਾਬ ਦੇ ਮੋਢੀ ਉੱਘੇ ਖੇਤੀ ਵਿਗਿਆਨੀ ਐੱਮ ਐੱਸ ਸਵਾਮੀਨਾਥਨ (98) ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪਰਿਵਾਰ 'ਚ ਤਿੰਨ ਧੀਆਂ ਹਨ ਜਿਹਨਾਂ 'ਚੋਂ ਇਕ ਡਾਕਟਰ ਸੌਮਿਆ ਸਵਾਮੀਨਾਥਨ ਵਿਸ਼ਵ ਸਿਹਤ ਸੰਗਠਨ ਦੀ ਮੁੱਖ ਵਿਗਿਆਨੀ ਰਹੀ ਹੈ। ਭੋਜਨ ਅਤੇ ਪੋਸ਼ਣ ਸੁਰੱਖਿਆ ਦੀ ਵਕਾਲਤ ਕਰਨ ਵਾਲੇ ਸਵਾਮੀਨਾਥਨ ਨੇ 1960ਵਿਆਂ ਦੌਰਾਨ ਅਜਿਹਾ ਇਤਿਹਾਸਕ ਕੰਮ ਕੀਤਾ ਜਿਸ ਨਾਲ ਅਕਾਲ ਦਾ ਕੋਈ ਜ਼ਿਆਦਾ ਅਸਰ ਨਹੀਂ ਪਿਆ। ਉਹ ਵੱਡੀ ਉਮਰ ਨਾਲ ਜੁੜੀਆਂ ਬਿਮਾਰੀਆਂ ਤੋਂ ਪੀੜਤ ਸਨ ਅਤੇ ਅੱਜ ਸਵੇਰੇ ਸਵਾ 11 ਵਜੇ ਦੇ ਕਰੀਬ ਆਪਣੀ ਰਿਹਾਇਸ਼ 'ਤੇ ਆਖਰੀ ਸਾਹ ਲਏ। ਉਨ੍ਹਾਂ ਦੇ ਦੇਹਾਂਤ 'ਤੇ ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਹੋਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮੁਰਮੂ ਨੇ ਕਿਹਾ ਕਿ ਸਵਾਮੀਨਾਥਨ ਆਪਣੇ ਪਿੱਛੇ ਅਮੀਰ ਵਿਰਸਾ ਛੱਡ ਗਏ ਹਨ ਜੋ ਦੁਨੀਆ ਨੂੰ ਮਨੁੱਖਤਾ ਲਈ ਇਕ ਸੁਰੱਖਿਅਤ ਅਤੇ ਭੁੱਖ-ਮੁਕਤ ਭਵਿੱਖ ਵੱਲ ਲਿਜਾਣ 'ਚ ਮਾਰਗ ਦਰਸ਼ਕ ਵਜੋਂ ਕੰਮ ਕਰੇਗਾ। ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਕਿਹਾ ਕਿ ਸਵਾਮੀਨਾਥਨ ਵੱਲੋਂ ਲੱਖਾਂ ਕਿਸਾਨਾਂ ਦੀ ਖ਼ੁਸ਼ਹਾਲੀ ਲਈ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਵਾਮੀਨਾਥਨ ਦੇ ਇਤਿਹਾਸਕ ਕੰਮ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ ਬਦਲ ਦਿੱਤੀ ਅਤੇ ਦੇਸ਼ ਦੀ ਖ਼ੁਰਾਕ ਸੁਰੱਖਿਆ ਯਕੀਨੀ ਬਣਾਈ। ਭਾਰਤੀ ਖੇਤੀ ਖੋਜ ਇੰਸਟੀਚਿਊਟ ਦੇ ਡਾਇਰੈਕਟਰ ਏ ਕੇ ਸਿੰਘ ਨੇ ਕਿਹਾ ਕਿ ਸਵਾਮੀਨਾਥਨ ਦੇ ਦੇਹਾਂਤ ਨਾਲ ਖੇਤੀ ਖੋਜ, ਸਿੱਖਿਆ ਅਤੇ ਵਿਸਥਾਰ 'ਚ ਕਾਢਾਂ ਦੇ ਇਕ ਯੁੱਗ ਦਾ ਅੰਤ ਹੋ ਗਿਆ ਹੈ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਮੁਲਕ ਸਵਾਮੀਨਾਥਨ ਵੱਲੋਂ ਖੇਤੀ ਅਤੇ ਕਿਸਾਨਾਂ ਦੇ ਜੀਵਨ 'ਚ ਲਿਆਂਦੇ ਹਾਂ-ਪੱਖੀ ਬਦਲਾਅ ਨੂੰ ਹਮੇਸ਼ਾ ਯਾਦ ਰੱਖੇਗਾ।

# ਕੈਨੇਡਾ ਵਲੋਂ ਲਗਾਏ ਦੋਸ਼ ਭਾਰਤ ਦੀ ਨੀਤੀ...

ਸਫ਼ਾ 3 ਦੀ ਬਾਕੀ

'ਤਸਵੀਰ ਸਪੱਸ਼ਟ ਨਹੀਂ ਹੋਵੇਗੀ।' ਉਨ੍ਹਾਂ ਕਿਹਾ, 'ਤੁਹਾਨੂੰ ਇਹ ਸਮਝਣਾ ਪਏਗਾ ਕਿ ਪਿਛਲੇ ਕੁਝ ਸਾਲਾਂ ਵਿਚ ਕੈਨੇਡਾ 'ਚ ਵੱਖਵਾਦੀ ਤਾਕਤਾਂ, ਸੰਗਠਿਤ ਅਪਰਾਧ, ਹਿੰਸਾ, ਕੱਟੜਵਾਦ ਨਾਲ ਜੁੜੇ ਕਾਫ਼ੀ ਸੰਗਠਿਤ ਅਪਰਾਧ ਦੇਖੇ ਗਏ ਹਨ। ਇਨ੍ਹਾਂ ਦਾ ਆਪਸ ਵਿਚ ਬਹੁਤ ਗਹਿਰਾ ਸਬੰਧ ਹੈ। ਉਨ੍ਹਾਂ ਕਿਹਾ ਕਿ ਭਾਰਤ 'ਵਿਸ਼ੇਸ਼ ਜਾਣਕਾਰੀਆਂ ਤੇ ਸੂਚਨਾਵਾਂ' ਬਾਰੇ ਗੱਲ ਕਰ ਰਿਹਾ ਹੈ। ਵਿਦੇਸ਼ ਮੰਤਰੀ ਨੇ ਕਿਹਾ ਕਿ ਭਾਰਤ ਅਸਲ ਵਿਚ ਕੈਨੇਡੀਅਨ ਅਧਿਕਾਰੀਆਂ ਨੂੰ ਕਾਰਵਾਈ ਕਰਨ ਲਈ ਲਗਾਤਾਰ ਕਹਿੰਦਾ ਰਿਹਾ ਹੈ, ਉਨ੍ਹਾਂ ਨੂੰ ਕੈਨੇਡਾ ਤੋਂ ਚੱਲ ਰਹੇ ਸੰਗਠਿਤ ਅਪਰਾਧ ਬਾਰੇ ਕਾਫ਼ੀ ਸੂਚਨਾ ਦਿੱਤੀ ਗਈ ਹੈ। ਵੱਡੀ ਗਿਣਤੀ ਵਿਚ ਅਪਰਾਧੀਆਂ ਦੀ ਹਵਾਲਗੀ ਵੀ ਮੰਗੀ ਗਈ ਹੈ। ਅਤਿਵਾਦੀਆਂ ਦੇ ਆਗੂਆਂ ਦੀ ਪਛਾਣ ਵੀ ਦੱਸੀ ਗਈ ਹੈ। ਜੈਸ਼ੰਕਰ ਨੇ ਕਿਹਾ, 'ਤੁਹਾਨੂੰ ਸਮਝਣਾ ਪਏਗਾ ਕਿ ਉੱਥੇ ਇਕ ਤਰ੍ਹਾਂ ਦਾ ਮਾਹੌਲ ਹੈ, ਜੇਕਰ ਤੁਸੀਂ ਇਹ ਸਮਝਣਾ ਹੈ ਕਿ ਉੱਥੇ ਕੀ ਚੱਲ ਰਿਹਾ ਹੈ ਤਾਂ ਇਸ ਗੱਲ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਸਾਡੀ ਚਿੰਤਾ ਇਹ ਹੈ ਕਿ ਰਾਜਨੀਤਕ ਕਾਰਨਾਂ ਕਰਕੇ ਇਸ ਸਭ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਸਾਡਾ ਸੰਕਟ ਹੈ ਕਿ ਸਾਡੇ ਰਾਜਦੂਤਾਂ ਨੂੰ ਧਮਕਾਇਆ ਜਾ ਰਿਹਾ ਹੈ, ਦੂਤਾਵਾਸਾਂ ਉਤੇ ਹਮਲੇ ਹੋਏ ਹਨ। ਇਨ੍ਹਾਂ ਵਿਚੋਂ ਬਹੁਤ ਕੁਝ ਇਹ ਕਹਿ ਕੇ ਸਹੀ ਠਹਿਰਾਇਆ ਜਾਂਦਾ ਹੈ ਕਿ ਲੋਕਤੰਤਰ ਇਸੇ ਤਰ੍ਹਾਂ ਕੰਮ ਕਰਦਾ ਹੈ।' ਨਿੱਝਰ ਮਾਮਲੇ 'ਤੇ 'ਫਾਈਵ ਆਈਜ਼' ਮੁਲਕਾਂ ਵੱਲੋਂ ਆਪਸ ਵਿਚ ਜਾਣਕਾਰੀ ਸਾਂਝੀ ਕਰਨ ਤੇ ਅਮਰੀਕਾ ਵਿਚ ਐਫਬੀਆਈ ਵੱਲੋਂ ਸਿੱਖ ਆਗੂਆਂ ਨੂੰ ਜਾਨ ਦੇ ਖ਼ਤਰੇ ਬਾਰੇ ਚੌਕਸ ਕਰਨ ਦੇ ਮੁੱਦੇ ਉਤੇ ਜੈਸ਼ੰਕਰ ਨੇ ਕਿਹਾ, 'ਮੈਂ ਫਾਈਵ ਆਈਜ਼ ਦਾ ਹਿੱਸਾ ਨਹੀਂ ਹਾਂ। ਮੈਂ ਐਫਬੀਆਈ ਦਾ ਵੀ ਹਿੱਸਾ ਨਹੀਂ ਹਾਂ। ਤੁਸੀਂ ਗਲਤ ਵਿਅਕਤੀ ਤੋਂ ਸਵਾਲ ਕਰ ਰਹੇ ਹੋ।'

## ਨਿੱਝਰ ਦੀ ਹੱਤਿਆ ਦੀ ਜਾਂਚ ਜਾਰੀ-ਆਰ.ਸੀ.ਐਮ.ਪੀ.




ਵੈਨਕੂਵਰ-ਖਾਲਿਸਤਾਨ ਪੱਖੀ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਜਾਂਚ ਕੈਨੇਡਾ ਵਿਚ ਸਰਗਰਮੀ ਨਾਲ ਚੱਲ ਰਹੀ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ (ਆਰਸੀਐੱਮਪੀ) ਨੇ ਇਹ ਜਾਣਕਾਰੀ ਦਿੱਤੀ। ਪਾਬੰਦੀਸ਼ੁਦਾ ਖਾਲਿਸਤਾਨ ਟਾਈਗਰ ਫੋਰਸ (ਕੇਟੀਐਫ) ਦੇ ਮੁਖੀ ਨਿੱਝਰ ਦੀ 18 ਜੂਨ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਭਾਰਤ ਨੇ 2020 ਵਿੱਚ ਨਿੱਝਰ (45) ਨੂੰ ਅਤਵਾਦੀ ਐਲਾਨਿਆਂ ਸੀ। ਉਸ ਦੇ ਕਤਲ ਦੀ ਜਾਂਚਆਰਸੀਐੱਮਪੀ ਦੀ ਸਾਂਝੀ ਮਨੁੱਖੀ ਹੱਤਿਆ ਜਾਂਚ ਟੀਮ ਵੱਲੋਂ ਕੀਤੀ ਜਾ ਰਹੀ ਹੈ। ਆਈਐੱਚਆਈਟੀ ਦੇ ਬੁਲਾਰੇ ਸਾਰਜੈਂਟ ਟਿਮੋਥੀ ਪਿਰੋਟੀ ਨੇ ਦੱਸਿਆ, 'ਅਸੀਂ ਹਰਦੀਪ ਸਿੰਘ ਨਿੱਝਰ ਦੇ ਕਤਲ ਨਾਲ ਸਬੰਧਤ ਰਿਪੋਰਟਾਂ ਤੋਂ ਜਾਣੂ ਹਾਂ ਤੇ ਕੇਸ ਸਰਗਰਮ ਜਾਂਚ ਅਧੀਨ ਹੈ, ਮੈਂ ਇਕੱਠੇ ਕੀਤੇ ਵਿਸ਼ੇਸ਼ ਸਬੂਤਾਂ 'ਤੇ ਟਿੱਪਣੀ ਕਰਨ ਵਿੱਚ ਅਸਮਰੱਥ ਹਾਂ।

## ਜੈਸ਼ੰਕਰ ਨੇ ਅਮਰੀਕੀ ਕੌਮੀ ਸੁਰੱਖਿਆ ਸਲਾਹਕਾਰ ਨਾਲ ਕੀਤੀ ਮੁਲਾਕਾਤ

ਵਾਸ਼ਿੰਗਟਨ-ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਅਮਰੀਕੀ ਕੌਮੀ ਸੁਰੱਖਿਆ ਸਲਾਹਕਾਰ ਜੈਕ ਸੁਲੀਵਨ ਨਾਲ ਮੁਲਾਕਾਤ ਕਰਕੇ ਦੋਵੇਂ ਮੁਲਕਾਂ ਵਿਚਕਾਰ ਦੁਵੱਲੇ ਸਬੰਧਾਂ 'ਚ ਪ੍ਰਗਤੀ ਦਾ ਜਾਇਜ਼ਾ ਲਿਆ। ਸੰਯੁਕਤ ਰਾਸ਼ਟਰ ਮਹਾਸਭਾ ਦੇ ਇਜਲਾਸ 'ਚ ਹਿੱਸਾ ਲੈਣ ਮਗਰੋਂ ਨਿਊਯਾਰਕ ਤੋਂ ਬੁੱਧਵਾਰ ਨੂੰ ਵਾਸ਼ਿੰਗਟਨ ਪੁੱਜੇ ਜੈਸ਼ੰਕਰ ਨੇ ਜੈਕ ਸੁਲੀਵਨ ਨਾਲ ਹੋਈ ਮੁਲਾਕਾਤ ਦੀ 'ਐਕਸ' 'ਤੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸੁਲੀਵਨ ਨਾਲ ਮੀਟਿੰਗ ਦੌਰਾਨ ਇਸ ਸਾਲ ਦੁਵੱਲੇ ਸਬੰਧਾਂ ਦੀ ਪ੍ਰਗਤੀ ਬਾਰੇ ਚਰਚਾ ਮਗਰੋਂ ਉਸ ਨੂੰ ਅਗਾਂਹ ਲਿਜਾਏ ਜਾਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਉਂਜ ਵ੍ਹਾਈਟ ਹਾਊਸ ਨੇ ਮੀਟਿੰਗ ਬਾਰੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ ਹੈ। ਜੈਸ਼ੰਕਰ ਵਿਦੇਸ਼ ਵਿਭਾਗ ਦੇ ਫੌਗੀ ਬੌਟਮ ਹੈੱਡਕੁਆਰਟਰ 'ਚ ਆਪਣੇ ਅਮਰੀਕੀ ਹਮਰੁਤਬਾ ਐਂਟਨੀ ਬਲਿੰਕਨ ਨਾਲ ਮੁਲਾਕਾਤ ਕਰਨਗੇ। ਉਹ ਅਮਰੀਕੀ ਵਪਾਰ ਪ੍ਰਤੀਨਿਧ ਕੈਥਰੀਨ ਟਾਈ ਨਾਲ ਵੀ ਮਿਲਣਗੇ। ਭਾਰਤ ਅਤੇ ਕੈਨੇਡਾ ਵਿਚਕਾਰ ਪੈਦਾ ਹੋਏ ਤਣਾਅ ਦੌਰਾਨ ਦੋਵੇਂ ਮੁਲਕਾਂ ਦੀ ਇਹ ਪਹਿਲੀ ਉੱਚ ਪੱਧਰੀ ਮੀਟਿੰਗ ਹੈ। ਉਂਜ ਇਹ ਮੀਟਿੰਗ ਬਹੁਤ ਪਹਿਲਾਂ ਤੋਂ ਤੈਅ ਸੀ ਅਤੇ ਅਮਰੀਕਾ, ਭਾਰਤ ਨੂੰ ਆਖਦਾ ਆ ਰਿਹਾ ਹੈ ਕਿ ਉਹ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ 'ਚ ਕੈਨੇਡੀਅਨ ਜਾਂਚ 'ਚ ਸਹਿਯੋਗ ਕਰੇ। ਜੈਸ਼ੰਕਰ ਵੱਲੋਂ ਬਾਇਡਨ ਪ੍ਰਸ਼ਾਸਨ ਦੇ ਹੋਰ ਅਧਿਕਾਰੀਆਂ ਨਾਲ ਵੀ ਮੀਟਿੰਗਾਂ ਕੀਤੇ ਜਾਣ ਦੀ ਸੰਭਾਵਨਾ ਹੈ।

# ਗੈਂਗਸਟਰ ਗੋਲਡੀ ਬਰਾੜ ਨੇ ਕੈਲੀਫੋਰਨੀਆ 'ਚ ਮੰਗੀ ਪਨਾਹ

ਨਵੀਂ ਦਿੱਲੀ-ਭਾਰਤੀ ਖੁਫੀਆ ਏਜੰਸੀਆਂ ਨੇ ਦਾਅਵਾ ਕੀਤਾ ਹੈ ਕਿ ਕੈਨੇਡਾ ਅਧਾਰਿਤ ਗੈਂਗਸਟਰ ਗੋਲਡੀ ਬਰਾੜ ਨੇ ਗ੍ਰਿਫ਼ਤਾਰੀ ਤੋਂ ਬਚਣ ਲਈ ਕਾਨੂੰਨੀ ਚੈਨਲਾਂ ਜ਼ਰੀਏ ਕੈਲੀਫੋਰਨੀਆ ਵਿਚ ਸ਼ਰਨ (ਪਨਾਹ) ਮੰਗੀ ਹੈ। ਨਵੀਂ ਮਿਸਲ ਮੁਤਾਬਕ ਬਰਾੜ 15 ਅਗਸਤ 2017 ਨੂੰ ਕੈਨੇਡਾ ਪੁੱਜਾ ਸੀ ਤੇ ਮਗਰੋਂ ਅਮਰੀਕਾ ਭੱਜਣ ਵਿਚ ਸਫ਼ਲ ਰਿਹਾ। ਉਦੋਂ ਤੋਂ ਉਹ ਕੈਨੇਡਾ ਵਿੱਚ ਨਵੀਂ ਲੁਕਣਗਾਹ ਸਥਾਪਿਤ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਖ਼ੁਫ਼ੀਆ ਵਿਭਾਗ ਵੱਲੋਂ ਤਿਆਰ ਮਿਸਲ ਮੁਤਾਬਕ ਬਰਾੜ ਦੀ ਨਵੀਂ ਲੁਕਣਗਾਹ ਕੈਲੀਫੋਰਨੀਆ ਦੇ ਫਰੈਜ਼ਨੋ ਸ਼ਹਿਰ ਵਿੱਚ ਹੋਣ ਦੀ ਉਮੀਦ ਹੈ। ਇਸ ਮਿਸਲ ਵਿੱਚ ਹੋਰਨਾਂ ਖਾਲਿਸਤਾਨੀ ਕੱਟੜਪੰਥੀਆਂ ਤੇ ਉਨ੍ਹਾਂ ਦੇ ਸਹਾਇਕਾਂ ਬਾਰੇ ਵੀ ਜਾਣਕਾਰੀ ਮੌਜੂਦ ਹੈ। ਮਿਸਾਲ ਵਜੋਂ ਇਸ ਵਿਚ ਲਖਬੀਰ ਲੰਡਾ ਦੀ ਪਾਕਿਸਤਾਨ ਅਧਾਰਿਤ ਹਰਵਿੰਦਰ ਸਿੰਘ ਦੇ ਨੇੜਲੇ ਸਾਥੀ ਵਜੋਂ ਪਛਾਣ ਕੀਤੀ ਗਈ ਹੈ। ਦਸਤਾਵੇਜ਼ ਲੰਡਾ ਦੇ ਅਪਰਾਧਿਕ ਇਤਿਹਾਸ ਬਾਰੇ ਵਿਆਪਕ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ। ਮਿਸਲ ਵਿਚ ਸਤਿੰਦਰਪਾਲ ਸਿੰਘ (66) ਦਾ ਵੀ ਜ਼ਿਕਰ ਹੈ, ਜਿਸ ਦੇ ਮਰਹੂਮ ਖਾਲਿਸਤਾਨੀ ਵੱਖਵਾਦੀ ਆਗੂ ਹਰਦੀਪ ਸਿੰਘ ਨਾਲ ਗੂੜ੍ਹੇ ਰਿਸ਼ਤੇ ਸਨ। ਸਿੰਘ ਇਸ ਵੇਲੇ ਵੈਨਕੂਵਰ ਵਿੱਚ ਰਹਿ ਰਿਹਾ ਹੈ। ਮਿਸਲ ਵਿੱਚ ਸਨੋਵਰ ਢਿੱਲੋਂ, ਸੁਲਿੰਦਰ ਸਿੰਘ, ਮਲਕੀਅਤ ਸਿੰਘ ਫੌਜੀ, ਗੁਰਪ੍ਰੀਤ ਸਿੰਘ, ਭਗਤ ਸਿੰਘ ਬਰਾੜ, ਗੁਰਜੀਤ ਸਿੰਘ ਚੀਮਾ, ਹਰਪ੍ਰੀਤ ਸਿੰਘ, ਗੋਲਡੀ ਬਰਾੜ, ਟਹਿਲ ਸਿੰਘ, ਲੰਡਾ (ਲਖਬੀਰ ਸਿੰਘ), ਮਨਵੀਰ ਸਿੰਘ ਧੂਰਾ, ਮੋਨਿੰਦਰ ਸਿੰਘ ਬੁਆਲ, ਗੁਰਜਿੰਦਰ ਸਿੰਘ ਪੰਨੂ, ਰਮਨਦੀਪ ਸਿੰਘ, ਮਨਦੀਪ ਧਾਲੀਵਾਲ, ਸੰਦੀਪ ਸਿੰਘ, ਪਰਵਕਾਰ ਸਿੰਘ ਦੁਲਾਈ, ਮਨਵੀਰ ਸਿੰਘ, ਅਰਸ਼ਦੀਪ ਸਿੰਘ ਡੱਲਾ ਤੇ ਹਰਦੀਪ ਸਿੰਘ ਨਿੱਝਰ ਦੇ ਨਾਂ ਵੀ ਸ਼ਾਮਲ ਹਨ।









# ਨਿੱਝਰ ਦੇ ਕਤਲ ਵਿਚ ਭਾਰਤ ਦੇ ਹੱਥ ਬਾਰੇ ਮੈਨੂੰ ਗੁਪਤ ਜਾਣਕਾਰੀ ਦਿੱਤੀ ਗਈ-ਜਗਮੀਤ ਸਿੰਘ

ਓਟਵਾ-ਐਨਡੀਪੀ ਨੇਤਾ ਜਗਮੀਤ ਸਿੰਘ ਨੇ ਕਿਹਾ ਕਿ ਉਸ ਨੂੰ ਇਹ ਗੁਪਤ ਜਾਣਕਾਰੀ ਦਿੱਤੀ ਗਈ ਸੀ ਜਿਹੜੀ ਬ੍ਰਿਟਿਸ਼ ਕੋਲੰਬੀਆ ਦੇ ਪ੍ਰਮੁੱਖ ਸਿੱਖ ਨੇਤਾ ਹਰਦੀਪ ਸਿੰਘ ਨਿੱਝਰ ਦੀ ਗੈਂਗਲੈਂਡ ਸ਼ੈਲੀ ਨਾਲ ਕੀਤੇ ਕਤਲ ਵਿਚ ਭਾਰਤ ਸਰਕਾਰ ਦੀ ਭੂਮਿਕਾ ਵੱਲ ਇਸ਼ਾਰਾ ਕਰਦੀ ਹੈ। ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੱਧ ਜੂਨ ਵਿਚ ਹਰਦੀਪ ਸਿੰਘ ਨਿੱਝਰ ਨੂੰ ਗੋਲੀਆਂ ਮਾਰ ਕੇ ਕਤਲ ਕਰਨ ਸਬੰਧੀ ਉਸ ਨੂੰ ਪਿਛਲੇ ਹਫ਼ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜਾਣਕਾਰੀ ਦਿੱਤੀ ਸੀ ਅਤੇ ਦੂਸਰੀ ਜਾਣਕਾਰੀ ਕੈਨੇਡੀਅਨ ਸੁਰੱਖਿਆ



ਅਧਿਕਾਰੀਆਂ ਤੋਂ ਮਿਲੀ ਸੀ। ਉਨ੍ਹਾਂ ਕਿਹਾ ਕਿ ਜਿਵੇਂ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਇਹ ਗੱਲ ਮੇਰੇ ਲਈ ਬਹੁਤ ਹੀ ਸਪਸ਼ਟ ਸੀ ਕਿ ਇਸ ਗੱਲ ਦੀ ਪੁਖਤਾ ਜਾਣਕਾਰੀ ਹੈ ਕਿ ਕੈਨੇਡਾ ਦੀ ਧਰਤੀ 'ਤੇ ਕੈਨੇਡੀਅਨ ਨਾਗਰਿਕ ਦੇ ਕਤਲ ਵਿਚ ਭਾਰਤ ਸਰਕਾਰ ਸ਼ਾਮਿਲ ਸੀ। ਜਗਮੀਤ ਸਿੰਘ ਨੇ ਦੱਸਿਆ ਕਿ ਉਹ ਸਬੂਤਾਂ ਸਬੰਧੀ ਜਾਣਕਾਰੀ ਸੁਣਨ ਦੇ ਯੋਗ ਹੈ ਕਿਉਂਕਿ ਇਸ ਸਾਲ ਦੇ ਸ਼ੁਰੂ ਵਿਚ ਉਨ੍ਹਾਂ ਨੇ 2019 ਅਤੇ 2021 ਦੀਆਂ ਚੋਣਾਂ ਵਿਚ ਚੀਨੀ ਦਖਲਅੰਦਾਜ਼ੀ ਦੇ ਗੁਪਤ ਦਸਤਾਵੇਜ਼ ਦੇਖਣ ਲਈ ਉੱਚ ਪੱਧਰੀ ਸੁਰੱਖਿਆ ਨੂੰ ਮਨਜ਼ੂਰੀ ਦਿੱਤੀ ਸੀ। ਪ੍ਰਧਾਨ ਮੰਤਰੀ ਨਾਲ ਮਾਮਲੇ 'ਤੇ ਚਰਚਾ ਕਰਨ ਪਿੱਛੋਂ ਉਨ੍ਹਾਂ ਨੇ ਟਰੂਡੋ ਦੇ ਕੌਮੀ ਸੁਰੱਖਿਆ ਸਲਾਹਕਾਰ ਜੋਡੀ ਥਾਮਸ ਤੋਂ ਹੋਰ ਵੇਰਵਿਆਂ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਖ਼ੁਫੀਆ ਜਾਣਕਾਰੀ ਬਹੁਤੇ ਭਰੋਸੇਯੋਗ ਹੈ ਪਰ ਹੋਰ ਵੇਰਵੇ ਮੁਹੱਈਆ ਨਹੀਂ ਕੀਤੇ। ਜੋ ਕੁਝ ਉਸ ਨੂੰ ਦੱਸਿਆ ਗਿਆ ਉਹ ਸੰਪੂਰਨ ਜਾਣਕਾਰੀ ਨਹੀਂ ਸੀ। ਇਸ ਵਿਚ ਬਹੁਤ ਜ਼ਿਆਦਾ ਵਿਸ਼ੇਸ਼ ਜਾਣਕਾਰੀ ਨਹੀਂ ਸੀ। ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਖਿਆਲ ਹੈ ਕਿ ਇਸ ਸਮੇਂ ਭਾਰਤ ਦੀ ਕਥਿਤ ਸ਼ਮੂਲੀਅਤ ਬਾਰੇ ਜਾਣਕਾਰੀ ਸਰਕਾਰ ਨੂੰ ਜਾਰੀ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਨਾਲ ਚੱਲ ਰਹੀ ਅਪਰਾਧਿਕ ਜਾਂਚ 'ਤੇ ਅਸਰ ਪੈ ਸਕਦਾ ਹੈ। ਭਾਰਤ ਸਰਕਾਰ ਦੋਸ਼ਾਂ ਨੂੰ ਪਹਿਲਾਂ ਹੀ ਨਾਕਾਰ ਚੁੱਕੀ ਹੈ ਜਿਸ ਨਾਲ ਭਾਰਤ-ਕੈਨੇਡਾ ਰਿਸ਼ਤਿਆਂ ਵਿਚ ਡੂੰਘੀ ਦਰਾੜ ਪੈ ਗਈ ਹੈ। ਦੋਵੇਂ ਦੇਸ਼ ਇਕ ਦੂਸਰੇ ਖਿਲਾਫ ਜਵਾਬੀ ਕਾਰਵਾਈ ਕਰਨ ਲੱਗੇ ਹੋਏ ਹਨ। ਇਸੇ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਏਬੀ ਨੇ ਇਕ ਮੁਲਾਕਾਤ ਵਿਚ ਕਿਹਾ ਕਿ ਉਸ ਨੂੰ ਮਾਮਲੇ ਬਾਰੇ ਬਹੁਤੀ ਜਾਣਕਾਰੀ ਨਹੀਂ। ਸੀਐਸਆਈਐਸ ਵਲੋਂ ਮਿਲੀ ਜਾਣਕਾਰੀ ਓਪਨ ਸੋਰਸ ਜਾਣਕਾਰੀ ਹੈ ਜਿਸ ਦਾ ਮਤਲਬ ਤੁਸੀਂ ਵੀ ਉਸ ਨੂੰ ਆਨਲਾਈਨ ਦੇਖ ਸਕਦੇ ਹੋ।

# ਕੇਜਰੀਵਾਲ ਦੇ ਬੰਗਲੇ ਦੀ ਜਾਂਚ ਲਈ ਸੀ.ਬੀ.ਆਈ. ਵੱਲੋਂ ਕੇਸ ਦਰਜ

ਨਵੀਂ ਦਿੱਲੀ-ਸੀਬੀਆਈ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਨਵੀਂ ਸਰਕਾਰੀ ਰਿਹਾਇਸ਼ 'ਤੇ ਮੁਰੰਮਤ ਦੇ ਸਬੰਧ 'ਚ ਮੁੱਢਲੀ ਜਾਂਚ ਦਰਜ ਕੀਤੀ ਹੈ ਤਾਂ ਜੋ ਦਿੱਲੀ ਸਰਕਾਰ ਦੇ ਅਣਪਛਾਤੇ ਅਫ਼ਸਰਾਂ ਵੱਲੋਂ ਕਥਿਤ ਬੇਨਿਯਮੀਆਂ ਅਤੇ ਮਾੜੇ ਵਿਹਾਰ ਦੀ ਜਾਂਚ ਕੀਤੀ ਜਾ ਸਕੇ। ਹੁਕਮਰਾਨ ਆਮ ਆਦਮੀ ਪਾਰਟੀ ਨੇ ਬੰਗਲੇ ਦੀ ਮੁਰੰਮਤ 'ਚ ਕੋਤਾਹੀ ਦੇ ਦੋਸ਼ਾਂ ਨੂੰ ਨਕਾਰਦਿਆਂ ਭਾਜਪਾ 'ਤੇ ਦੋਸ਼ ਲਾਇਆ ਹੈ ਕਿ ਉਹ 'ਆਪ' ਨੂੰ ਖ਼ਤਮ ਕਰਨ ਲਈ ਆਪਣੀ ਸਾਰੀ ਤਾਕਤ ਲਾ ਰਹੀ ਹੈ। ਅਧਿਕਾਰੀਆਂ ਨੇ ਕਿਹਾ ਕਿ ਸੀਬੀਆਈ ਨੇ ਦਿੱਲੀ ਸਰਕਾਰ ਦੇ ਅਣਪਛਾਤੇ ਅਫ਼ਸਰਾਂ ਖ਼ਿਲਾਫ਼ ਮੁੱਢਲੀ ਜਾਂਚ ਦਰਜ ਕੀਤੀ ਹੈ। ਨਿਯਮਤ ਐੱਫਆਈਆਰ ਦਰਜ ਕਰਨ ਤੋਂ ਪਹਿਲਾਂ ਦੋਸ਼ਾਂ ਦੀ ਤਹਿ ਤੱਕ ਜਾਣ ਲਈ ਮੁੱਢਲੀ ਜਾਂਚ ਕਰਵਾਈ ਜਾਂਦੀ ਹੈ। ਸੀਬੀਆਈ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਨੇ ਸੋਮਵਾਰ ਨੂੰ ਪੀਡਬਲਿਊਡੀ ਨੂੰ ਪੱਤਰ ਲਿਖ ਕੇ ਠੇਕੇਦਾਰਾਂ ਵੱਲੋਂ ਲਾਈਆਂ ਬੋਲੀਆਂ, ਟੈਂਡਰਾਂ ਦੇ ਦਸਤਾਵੇਜ਼ਾਂ ਅਤੇ ਤਬਦੀਲੀ ਨਾਲ ਸਬੰਧਤ ਸਿਫ਼ਾਰਿਸ਼ ਕਰਨ ਵਾਲੇ ਅਧਿਕਾਰੀਆਂ ਦੇ ਰਿਕਾਰਡ ਮੰਗੇ ਹਨ। ਉਨ੍ਹਾਂ ਮੌਡਿਊਲਰ ਰਸੋਈ, ਸੰਗਮਰਮਰ ਵਾਲੇ ਫਰਸ਼ ਅਤੇ ਹੋਰ ਆਲੀਸ਼ਾਨ ਕੰਮ ਕਰਾਉਣ ਅਤੇ ਬਿਲਡਿੰਗ ਪਲਾਨ ਦੀ ਮਨਜ਼ੂਰੀ ਨਾਲ ਸਬੰਧਤ ਦਸਤਾਵੇਜ਼ ਵੀ ਮੰਗੇ ਹਨ। ਉਨ੍ਹਾਂ ਠੇਕੇਦਾਰ ਏ ਕੇ ਬਿਲਡਰਜ਼ ਅਤੇ ਪ੍ਰਾਜੈਕਟ ਦੇ ਕੰਸਲਟੈਂਟ ਨੂੰ ਕੀਤੀ ਗਈ ਅਦਾਇਗੀ ਦੇ ਰਿਕਾਰਡ ਵੀ ਪੀਡਬਲਿਊਡੀ ਨੂੰ ਦੇਣ ਲਈ ਕਿਹਾ ਹੈ। ਅਪਰੈਲ 'ਚ ਇਹ ਰਿਪੋਰਟਾਂ ਆਈਆਂ ਸਨ ਕਿ ਕੇਜਰੀਵਾਲ ਦੀ ਸਰਕਾਰੀ ਰਿਹਾਇਸ਼ 'ਚ ਮੁਰੰਮਤ 'ਤੇ ਮਨਜ਼ੂਰਸ਼ੁਦਾ 43.70 ਕਰੋੜ ਰੁਪਏ ਦੀ ਬਜਾਏ 44.78 ਕਰੋੜ ਰੁਪਏ ਖ਼ਰਚੇ ਗਏ ਸਨ। ਦਸਤਾਵੇਜ਼ਾਂ ਮੁਤਾਬਕ ਪੈਸਾ 9 ਸਤੰਬਰ,



2020 ਤੋਂ ਜੂਨ 2022 ਦੌਰਾਨ ਛੇ ਕਿਸ਼ਤਾਂ 'ਚ ਖ਼ਰਚਿਆ ਗਿਆ ਸੀ। ਭਾਜਪਾ ਅਤੇ ਕਾਂਗਰਸ ਨੇ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਵਾਧੂ ਖ਼ਰਚੇ ਲਈ 'ਆਪ' ਨੂੰ ਘੇਰਦਿਆਂ ਦੋਸ਼ ਲਾਇਆ ਸੀ ਕਿ ਕੇਜਰੀਵਾਲ ਨੇ ਵਾਅਦਾ ਕੀਤਾ ਸੀ ਕਿ ਸੱਤਾ 'ਚ ਆਉਣ ਮਗਰੋਂ ਉਹ ਆਮ ਆਦਮੀ ਵਾਂਗ ਸਾਧਾਰਨ ਘਰ 'ਚ ਰਹਿਣਗੇ ਪਰ ਉਹ ਖ਼ੁਦ ਪੈਸੇ ਦੀ ਦੁਰਵਰਤੋਂ ਕਰਕੇ ਆਲੀਸ਼ਾਨ ਘਰ 'ਚ ਰਹਿ ਰਹੇ ਹਨ। 'ਆਪ' ਨੇ ਦੋਸ਼ ਲਾਇਆ ਕਿ ਕੇਜਰੀਵਾਲ ਦੀ ਅਗਵਾਈ ਹੇਠਲੀ ਪਾਰਟੀ ਨੂੰ ਲੋਕਾਂ ਦੇ ਕੰਮ ਕਰਨ ਤੋਂ ਰੋਕਣ ਲਈ ਭਾਜਪਾ ਨੇ ਇਹ ਚਾਲ ਚੱਲੀ ਹੈ।

# ਭਾਰਤੀ ਨਾਗਰਿਕਾਂ ਨੂੰ ਅਜੇ ਵੀ ਵੀਜ਼ੇ ਦੇ ਰਿਹਾ ਹੈ ਕੈਨੇਡਾ

ਸਫ਼ਾ 1 ਦੀ ਬਾਕੀ

ਆਪਣਾ ਕੰਮ ਕਰਦਾ ਰਹੇਗਾ। ਇਸ ਗੱਲ ਦਾ ਕੋਈ ਸੰਕੇਤ ਨਹੀਂ ਮਿਲਿਆ ਕਿ ਕੈਨੇਡਾ ਭਾਰਤੀ ਨਾਗਰਿਕਾਂ ਨੂੰ ਵੀਜ਼ੇ ਦੇਣੇ ਬੰਦ ਕਰ ਦੇਵੇਗਾ ਅਤੇ ਇਹ ਅਜੇ ਵੀ ਆਮ ਵਾਂਗ ਨਵੀਆਂ ਅਰਜ਼ੀਆਂ ਸਵੀਕਾਰ ਕਰ ਰਿਹਾ ਹੈ। ਕੈਨੇਡਾ ਆਉਣ ਦੇ ਚਾਹਵਾਨ ਭਾਰਤੀ ਨਾਗਰਿਕਾਂ ਲਈ ਵੀਜ਼ਾ ਪ੍ਰਕਿਰਿਆ ਦਾ ਸਮਾਂ ਪਹਿਲਾਂ ਵਾਲਾ ਹੀ ਹੈ। ਆਈਆਰਸੀਸੀ ਦਾ ਉਦੇਸ਼ ਨਾਗਰਿਕਤਾ ਦਾ ਖਿਆਲ ਨਾ ਕਰਦਿਆਂ ਸੇਵਾ ਮਿਆਰਾਂ ਦੇ ਅੰਦਰ 80 ਫ਼ੀਸਦੀ ਅਰਜ਼ੀਆਂ ਦਾ ਨਿਪਟਾਰਾ ਕਰਨਾ ਹੈ।

### ਕੈਨੇਡਾ ਸੁਰੱਖਿਅਤ ਦੇਸ਼

ਕੈਨੇਡਾ ਵਿਚ ਵੀਜ਼ਾ ਸੇਵਾਵਾਂ ਮੁਅੱਤਲ ਕਰਨ ਤੋਂ ਇਲਾਵਾ ਭਾਰਤ ਨੇ ਸੁਰੱਖਿਆ ਕਾਰਨ ਦਾ ਹਵਾਲਾ ਦਿੰਦਿਆਂ ਕੈਨੇਡਾ ਦੀ ਯਾਤਰਾ ਕਰ ਰਹੇ ਭਾਰਤੀਆਂ ਲਈ ਇਕ ਟਰੈਵਲ ਅਡਵਾਈਜ਼ਰੀ ਵੀ ਜਾਰੀ ਕੀਤੀ ਪਰ ਕੈਨੇਡੀਅਨ ਪ੍ਰੈਸ ਨਾਲ ਗੱਲਬਾਤ ਕਰਦਿਆਂ ਇਮੀਗ੍ਰੇਸ਼ਨ ਮੰਤਰੀ ਨੇ ਭਾਰਤੀਆਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਜਿਹੜੇ ਸੁਰੱਖਿਆ ਬਾਰੇ ਚਿੰਤਤ ਹਨ। ਉਨ੍ਹਾਂ ਕਿਹਾ ਕਿ ਮੇਰਾ ਖਿਆਲ ਹੈ ਕਿ ਹਰ ਇਕ ਨੂੰ ਪਤਾ ਹੈ ਕਿ ਕੈਨੇਡਾ ਇਕ ਸੁਰੱਖਿਅਤ ਦੇਸ਼ ਹੈ।

### ਕੈਨੇਡਾ ਵਿਚ ਭਾਰਤੀ

ਕੈਨੇਡਾ ਲਈ ਭਾਰਤ ਤੋਂ ਸਭ ਤੋਂ ਜ਼ਿਆਦਾ ਪ੍ਰਵਾਸ ਹੁੰਦਾ ਹੈ। 2022 ਵਿਚ 118095 ਭਾਰਤੀਆਂ ਨੇ ਕੈਨੇਡਾ ਦੀ ਪੀਆਰ ਲਈ। ਕੈਨੇਡਾ ਵਿਚ ਮੌਜੂਦਾ ਸਮੇਂ 8 ਲੱਖ ਤੋਂ ਵੀ ਜ਼ਿਆਦਾ ਅੰਤਰਰਾਸ਼ਟਰੀ ਵਿਦਿਆਰਥੀ ਹਨ ਜਿਨ੍ਹਾਂ ਵਿਚੋਂ 40 ਫ਼ੀਸਦੀ ਭਾਰਤੀ ਹਨ ਜਿਸ ਦਾ ਮਤਲਬ ਲਗਪਗ 320000 ਭਾਰਤੀ ਵਿਦਿਆਰਥੀ ਕੈਨੇਡਾ ਵਿਚ ਪੜ੍ਹਾਈ ਕਰ ਰਹੇ ਹਨ।

# ਨਾਜ਼ੀ ਯੂਨਿਟ ਦੇ ਮੈਂਬਰ ਨੂੰ ਸਨਮਾਨਿਤ ਕਰਨ ਬਦਲੇ ਹਾਊਸ ਦੇ ਸਪੀਕਰ ਰੋਟਾ ਵਲੋਂ ਅਸਤੀਫ਼ਾ

ਸਫ਼ਾ 1 ਦੀ ਬਾਕੀ

ਉਸ ਦੇ ਅਸਤੀਫੇ ਤੋਂ ਪਹਿਲਾਂ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਮੇਲਾਨੀ ਜੋਲੀ ਨੇ ਕਿਹਾ ਕਿ ਜੋ ਕੁਝ ਸ਼ੁੱਕਰਵਾਰ ਹੋਇਆ ਉਹ ਪੂਰੀ ਤਰ੍ਹਾਂ ਅਸਵੀਕਾਰਯੋਗ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸਦਨ ਤੇ ਕੈਨੇਡਾ ਵਾਸੀਆਂ ਨੂੰ ਸ਼ਰਮਿੰਦਗੀ ਹੋਈ ਹੈ। ਮੇਰਾ ਖਿਆਲ ਹੈ ਕਿ ਸਪੀਕਰ ਨੂੰ ਮੈਂਬਰਾਂ ਦੀ ਗੱਲ ਸੁਣ ਕੇ ਅਹੁਦੇ ਤੋਂ ਹਟ ਜਾਣਾ ਚਾਹੀਦਾ ਹੈ। ਸਰਕਾਰੀ ਹਾਊਸ ਲੀਡਰ ਕਰੀਨ ਗੋਲਡ ਨੇ ਵੀ ਕਿਹਾ ਕਿ ਰੋਟਾ ਲਈ ਇਹ ਆਪਣਾ ਅਹੁਦਾ ਛੱਡਣ ਦਾ ਸਮਾਂ ਹੈ। ਕੰਸਰਵੇਟਿਵ ਨੇਤਾ ਪੀਅਰ ਪੋਲੀਵਰ ਨੇ ਸੋਸ਼ਲ ਮੀਡੀਆ ਵੈੱਬਸਾਈਟ ਐਕਸ 'ਤੇ ਕਿਹਾ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਸਪੀਕਰ ਜਿਹੜਾ ਲਿਬਰਲ ਐਮਪੀ ਹੈ ਨੇ ਕੈਨੇਡਾ ਨੂੰ ਸ਼ਰਮਿੰਦਾ ਕੀਤਾ ਹੈ ਅਤੇ ਰੋਟਾ ਨੂੰ ਅਸਤੀਫਾ ਦੇਣਾ ਪਵੇਗਾ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)
ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca
ਹੱਸਦੇ ਰਹੋ ਹਸਾਉਂਦੇ ਰਹੋ
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
A HISTORY OF THE SIKHS
KHUSHWANT SINGH
CONDITION OF The Sikhs in CANADA 1901-2001
Gurcharan Singh
ਧੁੱਪਾਂ-ਛਾਂਵਾਂ
ਨਰਿੰਦਰ ਸਿੰਘ ਕਪੂਰ
ਅਣਗਾਹੇ ਰਾਹ
ਖਿੱਦੋ
604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਟਰੂਡੋ ਦੇ ਬਿਆਨ ਉਪਰੰਤ ਕੈਨੇਡਾ-ਭਾਰਤ ਸਬੰਧਾਂ ਵਿਚਾਲੇ ਤਣਾਅ ਦੀ ਸਿਖਰ...

**ਸੁਖਵਿੰਦਰ ਸਿੰਘ ਚੋਹਲਾ**

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਸੋਮਵਾਰ 18 ਸਤੰਬਰ ਦੀ ਸਵੇਰ ਨੂੰ ਹਾਊਸ ਆਫ ਕਾਮਨ ਵਿਚ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਇਸ ਜੂਨ ਮਹੀਨੇ ਹੋਏ ਦੁਖਦਾਈ ਕਤਲ ਵਿਚ ਭਾਰਤ ਦਾ ਹੱਥ ਹੋਣ ਦਾ ਦੋਸ਼ ਲਗਾਉਣਾ, ਸੱਚਮੁੱਚ ਚੌਂਕਾ ਦੇਣ ਵਾਲਾ ਹੈ। ਪ੍ਰਧਾਨ ਮੰਤਰੀ ਦਾ ਕਹਿਣਾ ਸੀ ਕਿ ਕੈਨੇਡੀਅਨ ਸੁਰੱਖਿਆ ਏਜੰਸੀਆਂ ਨੂੰ ਇਸ ਮਾਮਲੇ ਵਿਚ ਜੋ ਜਾਣਕਾਰੀ ਹਾਸਲ ਹੋਈ ਹੈ, ਉਹ ਕੈਨੇਡੀਅਨ ਧਰਤੀ 'ਤੇ ਕਿਸੇ ਕੈਨੇਡੀਅਨ ਨਾਗਰਿਕ ਦੀ ਨਿਰਮਮ ਹੱਤਿਆ ਵਿਚ ਕਿਸੇ ਵਿਦੇਸ਼ੀ ਸਰਕਾਰ ਦੀ ਸ਼ਮੂਲੀਅਤ ਕੈਨੇਡੀਅਨ ਪ੍ਰਭੂਸੱਤਾ ਦੀ ਅਸਵੀਕਾਰਨਯੋਗ ਉਲੰਘਣਾ ਹੈ।

ਪ੍ਰਧਾਨ ਮੰਤਰੀ ਦਾ ਸਦਨ ਵਿਚ ਇਹ ਬਿਆਨ ਜਿਥੇ ਸੰਸਦ ਮੈਂਬਰਾਂ ਲਈ ਹੈਰਾਨਕੁੰਨ ਸੀ, ਉਥੇ ਟੀਵੀ ਸਕਰੀਨ ਸਾਹਮਣੇ ਬੈਠੇ ਲੱਖਾਂ ਕਰੋੜਾਂ ਲੋਕਾਂ ਲਈ ਵੀ ਇਕ ਅਚੰਭੇ ਭਰਿਆ ਸੀ। ਕੈਨੇਡਾ ਵਿਚ ਖਾਲਿਸਤਾਨੀ ਲਹਿਰ ਦੇ ਆਗੂ ਹਰਦੀਪ ਸਿੰਘ ਨਿੱਝਰ ਦੀ ਜੂਨ ਮਹੀਨੇ ਹੋਈ ਨਿਰਮਮ ਹੱਤਿਆ ਉਪਰੰਤ ਬੀ ਸੀ ਗੁਰਦੁਆਰਾ ਕੌਂਸਲ ਅਤੇ ਹੋਰ ਸਿੱਖ ਜਥੇਬੰਦੀਆਂ ਵਲੋਂ ਉਸੇ ਵੇਲੇ ਇਹ ਸ਼ੰਕਾ ਜਾਹਰ ਕੀਤੀ ਗਈ ਸੀ ਕਿ ਇਹ ਕਤਲ ਭਾਰਤੀ ਏਜੰਸੀਆਂ ਵਲੋਂ ਕਰਵਾਇਆ ਗਿਆ ਹੈ। ਸਿੱਖ ਜਥੇਬੰਦੀਆਂ ਵਲੋਂ ਨਿੱਝਰ ਦੇ ਕਤਲ ਲਈ ਭਾਰਤੀ ਅੰਬੈਸੀਆਂ ਦੇ ਅਧਿਕਾਰੀਆਂ ਨੂੰ ਜਿੰਮੇਵਾਰ ਠਹਿਰਾਉਂਦਿਆਂ ਉਹਨਾਂ ਨੂੰ ਕਾਤਲ ਦਸਦੇ ਪੋਸਟਰ ਵੀ ਪਾਰਕ ਲੌਟਾਂ ਅਤੇ ਚੌਰਾਹਿਆਂ ਵਿਚ ਚਿਪਕਾਏ ਗਏ ਸਨ। ਪਰ ਇਸ ਦੌਰਾਨ ਇਸ ਕਤਲ ਦੀ ਜਾਂਚ ਕਰਨ ਵਾਲੀ ਕੈਨੇਡੀਅਨ ਏਜੰਸੀ ਆਪਣੇ ਬਿਆਨਾਂ ਵਿਚ ਇਹੀ ਕਹਿੰਦੀ ਰਹੀ ਕਿ ਉਹਨਾਂ ਕੋਲ ਇਸ ਕਤਲ ਵਿਚ ਵਿਦੇਸ਼ੀ ਦਖਲ ਦਾ ਕੋਈ ਸਬੂਤ ਨਹੀ। ਪਿਛਲੇ ਮਹੀਨੇ ਜਾਂਚ ਟੀਮ ਨੇ ਇਹ ਕਹਿੰਦਿਆਂ ਉਤਸੁਕਤਾ ਪੈਦਾ ਕੀਤੀ ਸੀ ਕਿ ਉਹ ਨਿੱਝਰ ਦੇ ਕਤਲ ਸਬੰਧੀ ਕਿਸੇ ਠੋਸ ਨਤੀਜੇ ਉਪਰ ਪੁੱਜਣ ਵਾਲੇ ਹਨ। ਜਾਂਚ ਟੀਮ ਵਲੋਂ ਕਤਲ ਵਿਚ ਵਰਤੀ ਗਈ ਕੈਮਰੀ ਕਾਰ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ ਸਨ ਜੋ ਕਤਲ ਤੋਂ ਬਾਦ ਕਾਤਲਾਂ ਨੂੰ ਲੈਕੇ ਫਰਾਰ ਹੋਣ ਲਈ ਵਰਤੀ ਗਈ ਸੀ। ਹੋ ਸਕਦਾ ਹੈ ਕਿ ਇਸ ਕਾਰ ਦੀ ਛਾਣਬੀਣ ਉਪਰੰਤ ਜਾਂਚ ਟੀਮ ਦੇ ਹੱਥ ਕੋਈ ਠੋਸ ਸਬੂਤ ਲੱਗੇ ਹੋਣ ਪਰ ਪੁਲਿਸ ਨੇ ਹੁਣ ਤੱਕ ਕੋਈ ਖੁਲਾਸਾ ਨਹੀ ਕੀਤਾ ਸੀ। ਪਰ ਹੁਣ ਕਿਸੇ ਜਾਂਚ ਟੀਮ ਵਲੋਂ ਕੋਈ ਪ੍ਰੈਸ ਵਾਰਤਾ ਕਰਨ ਦੀ ਥਾਂ ਸਿੱਧਾ ਸੰਸਦ ਵਿਚ ਪ੍ਰਧਾਨ ਮੰਤਰੀ ਵਲੋਂ ਖੁਲਾਸਾ ਕੀਤਾ ਜਾਣਾ ਬਹੁਤ ਹੈਰਾਨਕੁੰਨ ਹੈ। ਸੰਸਦ ਵਿਚ ਸਿੱਖ ਭਾਵਨਾਵਾਂ ਨਾਲ ਜੁੜੇ ਇਸ ਕਤਲ ਦੀ ਵਿਆਪਕ ਜਾਂਚ ਲਈ ਸੰਸਦ ਵਿਚ ਇਕ ਸਿੱਖ ਐਮ ਪੀ ਵਲੋਂ ਪਟੀਸ਼ਨ ਪਾਏ ਜਾਣ ਦੀ ਖਬਰ ਤਾਂ ਸੀ ਪਰ ਕਿਸੇ ਵਿਰੋਧੀ ਧਿਰ ਨੇ ਇਹ ਮੰਗ ਨਹੀ ਸੀ ਕੀਤੀ ਕਿ ਪ੍ਰਧਾਨ ਮੰਤਰੀ ਇਸ ਮੁੱਦੇ ਉਪਰ ਆਕੇ ਬਿਆਨ ਦੇਣ। ਅਮੂਮਨ ਪ੍ਰਧਾਨ ਮੰਤਰੀ ਦੇ ਬਿਆਨ ਦੀ ਉਸ ਵੇਲੇ ਮੰਗ ਕੀਤੀ ਜਾਂਦੀ ਹੈ ਜਦੋਂ ਕੋਈ ਮੁੱਦਾ ਬਹੁਤ ਹੀ ਗੰਭੀਰ ਮੋੜ ਲੈ ਜਾਵੇ। ਪਿਛਲੇ ਸਮੇਂ ਦੌਰਾਨ ਕੈਨੇਡੀਅਨ ਸੰਸਦ ਵਿਚ ਮੁਲਕ ਦੀ ਸਿਆਸਤ ਵਿਚ ਵਿਦੇਸ਼ੀ ਦਖਲਅੰਦਾਜੀ ਦੇ ਮੁੱਦੇ ਉਪਰ ਭਾਰੀ ਚਰਚਾ ਹੁੰਦੀ ਆਈ ਹੈ। ਇਹ ਚਰਚਾ ਵੀ ਵਧੇਰੇ ਕਰਕੇ ਪਿਛਲੀਆਂ ਫੈਡਰਲ ਚੋਣਾਂ ਵਿਚ ਚੀਨੀ ਦਖਲਅੰਦਾਜੀ ਬਾਰੇ ਸੀ। ਬਾਦ ਵਿਚ ਵਿਦੇਸ਼ੀ ਦਖਲਅੰਦਾਜੀ ਕਰਨ ਵਾਲੇ ਮੁਲਕਾਂ ਵਿਚ ਚੀਨ ਦੇ ਨਾਲ ਰੂਸ, ਈਰਾਨ ਤੇ ਭਾਰਤ ਨੂੰ ਵੀ ਸ਼ਾਮਿਲ ਕੀਤਾ ਗਿਆ। ਪ੍ਰਧਾਨ ਮੰਤਰੀ ਵਲੋਂ ਪਤਾ ਨਹੀ ਕਿਹੜੀਆਂ ਸਿਆਸੀ ਗਿਣਤੀਆਂ -ਮਿਣਤੀਆਂ ਤਹਿਤ ਵਿਦੇਸ਼ੀ ਦਖਲ ਅੰਦਾਜੀ ਤੇ ਖਾਸ ਕਰਕੇ ਭਾਰਤੀ ਏਜੰਸੀਆਂ ਦੇ ਦਖਲ ਜਾਂ ਕੈਨੇਡੀਅਨ ਨਾਗਰਿਕ ਦੇ ਕਤਲ ਪਿਛੇ ਹੱਥ ਹੋਣ ਦਾ ਖੁਲਾਸਾ ਖੁਦ ਆਣਕੇ ਕੀਤਾ ਗਿਆ। ਇਹ ਖੁਲਾਸਾ ਸੰਸਦ ਤੋਂ ਬਾਹਰ ਜਾਂਚ ਏਜੰਸੀ ਵਲੋਂ ਜਾਂ ਸੰਸਦ ਦੇ ਅੰਦਰ ਪਬਲਿਕ ਸੇਫਟੀ ਮਨਿਸਟਰ ਜਾਂ ਵਿਦੇਸ਼ ਮੰਤਰੀ ਵਲੋਂ ਕੀਤਾ ਜਾ ਸਕਦਾ ਸੀ ਪਰ ਅਗਰ ਪ੍ਰਧਾਨ ਮੰਤਰੀ ਨੂੰ ਖੁਦ ਇਹ ਖੁਲਾਸਾ ਕਰਨਾ ਪਿਆ ਹੈ ਤਾਂ ਇਸਦੀ ਕੋਈ ਖਾਸ ਵਜਾਹ ਰਹੀ ਹੋਵੇਗੀ। ਪ੍ਰਧਾਨ ਮੰਤਰੀ ਵਲੋਂ ਸੰਸਦ ਵਿਚ ਖੁਦ ਇਹ ਖੁਲਾਸਾ ਕਰਨਾ ਇਸ ਮਾਮਲੇ ਨੂੰ ਹੋਰ ਵੀ ਗੰਭੀਰ ਬਣਾ ਦਿੰਦਾ ਹੈ। ਜਿਕਰਯੋਗ ਇਹ ਹੈ ਕਿ ਇਸ ਮਾਮਲੇ ਦੀ ਜਾਂਚ ਅਜੇ ਮੁਕੰਮਲ ਨਹੀ ਹੋਈ। ਸੁਰੱਖਿਆ ਏਜੰਸੀਆਂ ਨੇ ਅਜੇ ਫਾਈਨਲ ਨਤੀਜੇ ਉਪਰ ਪੁੱਜਣਾ ਹੈ ਤੇ ਇਸ ਜਾਂਚ ਲਈ ਉਹਨਾਂ ਨੇ ਭਾਰਤੀ ਏਜੰਸੀਆਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਉਧਰ ਭਾਰਤ ਸਰਕਾਰ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਦੋਸ਼ਾਂ ਨੂੰ ਸਿਰੇ ਤੋਂ ਨਾਕਾਰਦਿਆਂ ਕੈਨੇਡਾ ਵਿਚ ਭਾਰਤ ਵਿਰੋਧੀ ਤੱਤਾਂ ਦੇ ਸਰਗਰਮ ਹੋਣ ਤੇ ਉਹਨਾਂ ਨੂੰ ਸਰਕਾਰ ਵਲੋਂ ਸ਼ਹਿ ਦੇਣ ਦੇ ਉਲਟੇ ਦੋਸ਼ ਲਗਾਏ ਹਨ। ਭਾਰਤ ਨੇ ਕੈਨੇਡੀਅਨ ਕਾਰਵਾਈ ਦੇ ਪ੍ਰਤੀਕਰਮ ਵਜੋਂ ਇਕ ਕੈਨੇਡੀਅਨ ਡਿਪਲੋਮੈਟ ਨੂੰ ਵੀ ਦੇਸ਼ ਛੱਡਣ ਦੇ ਹੁਕਮ ਦਿੱਤੇ ਹਨ। ਦੋਵਾਂ ਮੁਲਕਾਂ ਵਲੋਂ ਇਸਤੋਂ ਅੱਗੇ ਆਪਣੇ ਨਾਗਰਿਕਾਂ ਲਈ ਐਡਵਾਈਜਰੀਆਂ ਵੀ ਜਾਰੀ ਕੀਤੀਆਂ ਗਈਆਂ ਹਨ ਜੋ ਤਣਾਅ ਨੂੰ ਹੋਰ ਵਧਾਉਣ ਦੇ ਸੰਕੇਤ ਹਨ। ਭਾਵੇਂਕਿ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਕੂਟਨੀਤਕ ਪਹੁੰਚ ਅਪਣਾਉਂਦਿਆਂ ਕਿਹਾ ਕਿ ਉਹਨਾਂ ਦਾ ਸੰਸਦ ਵਿਚ ਭਾਰਤ ਦੇ ਖਿਲਾਫ ਬਿਆਨ ਦੇਣ ਦਾ ਮਕਸਦ ਤਣਾਓ ਵਧਾਉਣਾ ਨਹੀ ਬਲਿਕ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦਾ ਸੁਨੇਹਾ ਦੇਣਾ ਸੀ। ਕੁਝ ਵੀ ਹੈ ਵਿਦੇਸ਼ੀ ਦਖਲ ਅੰਦਾਜੀ ਦੇ ਮੁੱਦੇ ਉਪਰ ਦੋਵਾਂ ਮੁਲਕਾਂ ਵਿਚਾਲੇ ਸਬੰਧਾਂ ਵਿਚ ਇਤਿਹਾਸਕ ਖਿਚੋਤਾਣ ਵਾਲਾ ਮਾਹੌਲ ਬਣ ਗਿਆ ਹੈ। ਕੈਨੇਡਾ ਪ੍ਰਵਾਸ ਲਈ ਭਾਰਤੀਆਂ ਦੀ ਪਹਿਲੀ ਪਸੰਦ ਹੈ। ਲੱਖਾਂ ਪਰਵਾਸੀ ਪੰਜਾਬੀਆਂ ਲਈ ਕੈਨੇਡਾ ਉਹਨਾਂ ਦਾ ਦੂਸਰਾ ਘਰ ਹੈ। ਹਰ ਸਾਲ ਲੱਖਾਂ ਭਾਰਤੀ ਵਿਦਿਆਰਥੀ ਕੈਨੇਡੀਅਨ ਵਿਦਿਅਕ ਸੰਸਥਾਵਾਂ ਵਿਚ ਪੁੱਜ ਰਹੇ ਹਨ। ਲੱਖਾਂ ਦੀ ਗਿਣਤੀ ਵਿਚ ਪਹਿਲਾਂ ਹੀ ਇਥੇ ਰਹਿ ਰਹੇ ਹਨ ਤੇ ਚੰਗੇਰੇ ਭਵਿਖ ਲਈ ਪੱਕੇ ਹੋਣ ਦੀਆਂ ਫਾਈਲਾਂ ਲਗਾਈ ਬੈਠੇ ਹਨ। ਅਜਿਹੀ ਤਣਾਅਪੂਰਣ ਸਥਿਤੀ ਵਿਚ ਵਿਦਿਆਰਥੀ ਅਤੇ ਉਹਨਾਂ ਦੇ ਮਾਪਿਆਂ ਵਿਚਾਲੇ ਚਿੰਤਾ ਵਧਣੀ ਸੁਭਾਵਿਕ ਹੈ। ਅਗਸਤ 2018 ਵਿਚ ਕੈਨੇਡਾ ਦੀ ਵਿਦੇਸ਼ ਮੰਤਰੀ ਵਲੋਂ ਮਾਨਵੀ ਅਧਿਕਾਰਾਂ ਦੀ ਉਲੰਘਣਾ ਦੇ ਮੁੱਦੇ ਉਪਰ ਸਾਉਦੀ ਅਰਬ ਦੀ ਸਰਕਾਰ ਖਿਲਾਫ ਇਕ ਟਵੀਟ ਕਾਰਣ ਦੋਵਾਂ ਮੁਲਕਾਂ ਵਿਚਾਲੇ ਸਬੰਧ ਵਿਗੜ ਗਏ ਸਨ। ਸਾਉਦੀ ਅਰਬ ਦੀ ਸਰਕਾਰ ਨੇ ਕੈਨੇਡਾ ਨਾਲ ਨਾਰਜਾਗੀ ਦੇ ਚਲਦਿਆਂ ਆਪਣੇ ਲਗਪਗ 20,000 ਕੌਮਾਂਤਰੀ ਵਿਦਿਆਰਥੀਆਂ ਨੂੰ ਵਾਪਿਸ ਦੇਸ਼ ਪਰਤਣ ਦੇ ਆਦੇਸ਼ ਜਾਰੀ ਕਰ ਦਿੱਤੇ ਸਨ। ਦੋਵਾਂ ਮੁਲਕਾਂ ਵਿਚਾਲੇ ਉਡਾਣਾਂ ਵੀ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤੀਆਂ ਗਈਆਂ ਸਨ।



ਕੈਨੇਡੀਅਨ ਪ੍ਰਧਾਨ ਮੰਤਰੀ ਵਲੋਂ ਇਕ ਕੈਨੇਡੀਅਨ ਨਾਗਰਿਕ ਦੇ ਕਤਲ ਦੇ ਮੁੱਦੇ ਉਪਰ ਭਾਰਤੀ ਹਕੂਮਤ ਨੂੰ ਠਿੱਠ ਕਰਨ ਦਾ ਦਲੇਰਾਨਾ ਕਦਮ ਕੈਨੇਡੀਅਨ ਸਿੱਖ ਭਾਈਚਾਰੇ ਲਈ ਰਾਹਤ ਭਰਿਆ ਹੋ ਸਕਦਾ ਹੈ। ਮੋਦੀ ਸਰਕਾਰ ਉਪਰ ਘੱਟਗਿਣਤੀਆਂ ਨੂੰ ਦਬਾਉਣ ਤੇ ਫਿਰਕੂ ਰਾਜਨੀਤੀ ਨੂੰ ਉਤਸ਼ਾਹਿਤ ਕਰਨ ਲਈ ਵਿਰੋਧ ਕਰਦੀਆਂ ਧਿਰਾਂ ਖੁਸ਼ ਹੋ ਸਕਦੀਆਂ ਹਨ। ਕਿਸੇ ਇਕ ਧਿਰ ਨੂੰ ਇਸ ਮੁੱਦੇ ਉਪਰ ਸਿਆਸੀ ਲਾਹਾ ਮਿਲਣ ਦੀ ਵੀ ਉਮੀਦ ਹੋ ਸਕਦੀ ਹੈ ਪਰ ਦੋਵਾਂ ਮੁਲਕਾਂ ਵਿਚਾਲੇ ਤਣਾਅ ਕਿਸੇ ਵੀ ਸੂਰਤ ਵਿਚ ਆਮ ਸ਼ਹਿਰੀਆਂ ਦੇ ਪੱਖ ਵਿਚ ਭੁਗਤਣ ਵਾਲਾ ਨਹੀ। ਦੋਵਾਂ ਮੁਲਕਾਂ ਵਿਚਾਲੇ ਵਪਾਰਕ ਗੱਲਬਾਤ ਦਾ ਬੰਦ ਹੋਣਾ ਵਪਾਰਕ ਹਿੱਤਾਂ ਨੂੰ ਭਾਰੀ ਨੁਕਸਾਨ ਪਹੁੰਚਾਉਣ ਵਾਲਾ ਹੈ। ਇਸ ਸਮੇਂ ਸਸਕੈਚਵਨ ਚੋਂ ਹਰ ਸਾਲ 400 ਮਿਲੀਅਨ ਡਾਲਰ ਦੀਆਂ ਦਾਲਾਂ ਭਾਰਤ ਨੂੰ ਨਿਰਯਾਤ ਕੀਤੀਆਂ ਜਾਂਦੀਆਂ ਹਨ। ਲਗਪਗ 12 ਅਰਬ ਡਾਲਰ ਦੀਆਂ ਵਸਤਾਂ ਦਾ ਹੋਰ ਆਯਾਤ-ਨਿਰਯਾਤ ਹੁੰਦਾ ਹੈ। ਅਕਤੂਬਰ ਵਿਚ ਇੰਡੋ-ਪੈਸੀਫਿਕ ਨੀਤੀ ਤਹਿਤ ਟੀਮ ਕੈਨੇਡਾ ਟਰੇਡ ਮਿਸ਼ਨ ਭਾਰਤ ਦੌਰੇ ਤੇ ਜਾ ਰਿਹਾ ਸੀ। ਦੋਵਾਂ ਮੁਲਕਾਂ ਵਿਚਾਲੇ ਮੁਕਤ ਵਪਾਰ ਸਮਝੌਤਾ ਹੋਣ ਨਾਲ ਕੈਨੇਡਾ ਤੋ ਸਿੱਧਾ ਵਪਾਰਕ ਨਿਵੇਸ਼ ਵਧਣ ਦੇ ਆਸਾਰ ਸਨ। ਇਸ ਸਮੇਂ ਵਿਚ ਭਾਰਤ ਵਿਚ 600 ਕੈਨੇਡੀਅਨ ਕੰਪਨੀਆਂ ਕੰਮ ਕਰ ਰਹੀਆਂ ਹਨ ਤੇ 1000 ਤੋਂ ਉਪਰ ਹੋਰ ਕੰਪਨੀਆਂ ਉਥੇ ਆਪਣਾ ਕਾਰੋਬਾਰ ਆਰੰਭ ਕਰਨ ਲਈ ਯਤਨਸ਼ੀਲ ਹਨ। ਚੀਨ ਨਾਲ ਸਬੰਧਾਂ ਦੇ ਵਿਗਾੜ ਉਪਰੰਤ ਕੈਨੇਡਾ ਨੂੰ ਤੇਜ਼ ਗਤੀ ਨਾਲ ਉਭਰ ਰਹੀ ਭਾਰਤੀ ਅਰਥ ਵਿਵਸਥਾ ਨਾਲ ਵਪਾਰਕ ਸਬੰਧਾਂ ਦੀ ਵੱਡੀ ਜ਼ਰੂਰਤ ਹੈ। ਪਰ ਹੁਣ ਦੋਵਾਂ ਮੁਲਕਾਂ ਦੇ ਕੂਟਨੀਤਕ ਸਬੰਧਾਂ ਵਿਚ ਵਿਗਾੜ ਨਾਲ ਵਕਤੀ ਤੌਰ ਤੇ ਵਪਾਰਕ ਗੱਲਬਾਤ ਠੱਪ ਹੋ ਗਈ ਹੈ। ਵਪਾਰਕ ਸਬੰਧਾਂ ਤੋਂ ਅੱਗੇ ਹੁਣ ਸਮਾਜਿਕ ਰਿਸ਼ਤੇ ਵੀ ਪ੍ਰਭਾਵਿਤ ਹੁੰਦੇ ਦਿਖਾਈ ਦੇਣ ਲੱਗੇ ਹਨ। ਭਾਰਤ ਵਲੋਂ ਕੈਨੇਡਾ ਵਿਚ ਆਪਣੇ ਕੌਂਸਲਖਾਨਿਆਂ ਦੇ ਅਧਿਕਾਰੀਆਂ ਦੀ ਸੁਰੱਖਿਆ ਨੂੰ ਖਤਰਾ ਦਸਦਿਆਂ ਵੀਜਾ ਸੇਵਾਵਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਕੁਝ ਸਿੱਖ ਸੰਸਥਾਵਾਂ ਵਲੋਂ ਭਾਰਤੀ ਕੌਂਸਲਖਾਨਿਆਂ ਨੂੰ ਬੰਦ ਕਰਵਾਉਣ ਅਤੇ ਘੇਰਾਓ ਦਾ ਖੁੱਲੇਆਮ ਸੱਦਾ ਦਿੱਤਾ ਗਿਆ ਹੈ। ਵਿਚਾਰਾਂ ਦੀ ਆਜਾਦੀ ਮਨਾਂ ਵਿਚ ਸਹਿਮ ਭਰਨ ਲੱਗੀ ਹੈ। ਅਜਿਹੀ ਕਸਮਕਸ਼ ਤੇ ਖਿੱਚੋਤਾਣ ਵਾਲੀ ਸਥਿਤੀ ਵਿਚ ਆਮ ਲੋਕਾਂ ਦਾ ਪ੍ਰਭਾਵਿਤ ਹੋਣਾ ਲਾਜ਼ਮੀ ਹੈ। ਹਰ ਸਾਲ ਸਰਦੀਆਂ ਦੇ ਮੌਸਮ ਵਿਚ ਲੱਖਾਂ ਭਾਰਤੀ ਮੂਲ ਦੇ ਕੈਨੇਡੀਅਨ ਸਮਾਜਿਕ ਕਾਰ ਵਿਹਾਰਾਂ ਲਈ ਭਾਰਤ ਜਾਂਦੇ ਹਨ ਪਰ ਹੁਣ ਵੀਜਾ ਸੇਵਾਵਾਂ ਮੁਲਤਵੀ ਹੋਣ ਨਾਲ ਉਹਨਾਂ ਲਈ ਨਿਰਾਸ਼ਾ ਤੇ ਪ੍ਰੇਸ਼ਾਨੀ ਵਾਲੀ ਸਥਿਤੀ ਉਤਪੰਨ ਹੋ ਗਈ ਹੈ। ਰੱਬ ਖੈਰ ਕਰੇ...


## ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL 604-716-2135

MORTGAGES 1st, 2nd or Private
BHAJAN ATWAL 604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਦੀ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ ਨੇ ਇਤਿਹਾਸ ਸਿਰਜਿਆ

## ਵਿਸ਼ਵ ਪੱਧਰ ਦੀ ਯੂਨੀਵਰਸਿਟੀ ਕਾਇਮ ਕਰਨਾ ਸਾਡਾ ਦ੍ਰਿਸ਼ਟੀਕੋਣ-ਗਿਆਨ ਸਿੰਘ ਸੰਧੂ

ਸਰੀ (ਹਰਦਮ ਮਾਨ)-ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਵੱਲੋਂ ਸਿਟੀ ਹਾਲ ਸਰੀ ਵਿਖੇ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ ਕਰਵਾਈ ਗਈ। ਔਫ-ਲਾਈਨ ਅਤੇ ਔਨ-ਲਾਈਨ ਹੋਈ ਇਸ ਦੋ ਦਿਨਾਂ ਕਾਨਫਰੰਸ ਵਿੱਚ ਅਕਾਦਮਿਕ ਸੈਸ਼ਨਾਂ ਦੇ ਨਾਲ-ਨਾਲ ਗੁਰਬਾਣੀ ਵਿੱਚ ਵਿਸ਼ਵੀਕਰਨ ਦੀਆਂ ਚੁਣੌਤੀਆਂ ਅਤੇ ਮਹਾਨ ਮੁੱਦਿਆਂ 'ਤੇ ਧਿਆਨ ਕੇਂਦਰਤ ਕਰਨ ਵਾਲੇ ਸਮਕਾਲੀ ਪੈਨਲ ਵਿਚਾਰ-ਵਟਾਂਦਰੇ ਸ਼ਾਮਲ ਸਨ। ਕਾਨਫਰੰਸ ਵਿਚ 300 ਤੋਂ ਵੱਧ ਵਿਦਿਆਰਥੀਆਂ, ਖੋਜਕਾਰਾਂ, ਵਿਦਵਾਨਾਂ, ਵੱਖ ਵੱਖ ਖੇਤਰਾਂ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਅੰਤਰਰਾਸ਼ਟਰੀ ਵਿਦਵਾਨਾਂ ਵੱਲੋਂ ਵੱਖ-ਵੱਖ ਅਕਾਦਮਿਕ ਸੈਸ਼ਨਾਂ ਦੌਰਾਨ 13 ਵਿਸ਼ਿਆਂ ਉੱਪਰ ਉੱਚ-ਮਿਆਰੀ ਅਕਾਦਮਿਕ ਖੋਜ ਪੱਤਰ ਪੇਸ਼ ਕੀਤੇ ਗਏ ਅਤੇ ਹਰੇਕ ਸੈਸ਼ਨ ਤੋਂ ਬਾਅਦ ਇਨ੍ਹਾਂ ਮੁੱਦਿਆਂ 'ਤੇ ਜੀਵੰਤ ਚਰਚਾ ਕੀਤੀ ਗਈ।

ਕਾਨਫਰੰਸ ਦੀ ਸ਼ੁਰੂਆਤ ਅਰਦਾਸ ਅਤੇ ਆਦਿਵਾਸੀ ਲੋਕਾਂ ਨੂੰ ਸ਼ਰਧਾਂਜਲੀ ਨਾਲ ਕੀਤੀ ਗਈ। ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ (ਜੀ ਐਨ ਆਈ ) ਦੀ ਡਾਇਰੈਕਟਰ ਅਤੇ ਕਾਨਫਰੰਸ ਦੀ ਚੇਅਰ ਡਾ: ਕਮਲਜੀਤ ਕੌਰ ਸਿੱਧੂ ਨੇ ਸਭ ਨੂੰ ਜੀ ਆਇਆਂ ਕਿਹਾ। ਉਪਰੰਤ ਯੂਨੀਵਰਸਿਟੀ ਆਫ਼ ਸਸਕੈਚਵਨ ਦੇ ਡਾ: ਬਲਜੀਤ ਸਿੰਘ ਨੇ ਆਪਣੇ ਮੁੱਖ ਭਾਸ਼ਣ ਰਾਹੀਂ ਨਵੀਂ ਸੰਸਥਾ ਦੇ ਵਧਣ ਫੁੱਲਣ ਬਾਰੇ ਵਿਚਾਰ ਪੇਸ਼ ਕੀਤੇ। ਲਹਿੰਦੇ ਪੰਜਾਬ ਤੋਂ ਆਈ ਨਾਮਵਰ ਵਿਦਵਾਨ ਅਤੇ ਯੂਨੀਵਰਸਿਟੀ ਆਫ ਝੰਗ ਦੀ ਵਾਈਸ ਚਾਂਸਲਰ ਡਾ: ਨਬੀਲਾ ਰਹਿਮਾਨ ਨੇ 'ਬਹੁ-ਭਾਸ਼ਾਈ, ਸੱਭਿਆਚਾਰਕ ਵੱਖਰੇਵਾਂ ਅਤੇ ਸ੍ਰੀ ਗੁਰੂ ਗਰੰਥ ਸਾਹਿਬ' ਵਿਸ਼ੇ ਉੱਪਰ ਆਪਣਾ ਖੋਜ ਪੱਤਰ ਪੜ੍ਹਿਆ। ਡਾ: ਹਰਜਿੰਦਰ ਸਿੰਘ ਸੰਧੂ ਨੇ 'ਆਰਟੀਫੀਸ਼ੀਅਲ ਇੰਟੈਲੀਜੈਂਸੀ (ਏ.ਆਈ.) ਦੇ ਪ੍ਰਭਾਵ, ਅਕਾਦਮੀਆਂ, ਖੋਜ ਅਤੇ ਸਿੱਖੀ' ਨੂੰ ਆਪਣੇ ਖੋਜ ਪੱਤਰ ਦਾ ਆਧਾਰ ਬਣਾਇਆ। ਡਾ. ਸਤਵੀਰ ਸਿੰਘ ਨੇ 'ਗੁਰਦੁਆਰਿਆਂ ਵਿਚ ਗਰੰਥੀਆਂ ਨੂੰ ਦਰਪੇਸ਼ ਚੁਣੌਤੀਆਂ ਤੇ ਮੌਕੇ' ਅਤੇ ਡਾ. ਗੁਰਮੇਲ ਸਿੰਘ ਨੇ 'ਗੁਰਬਾਣੀ ਅਰਥ ਮਿਲਾਨ, ਪ੍ਰਭਾਵ ਅਤੇ ਮੌਕਿਆਂ' ਬਾਰੇ ਖੋਜ ਪੱਤਰ ਪੇਸ਼ ਕੀਤੇ।







ਤਿੰਨ ਵੱਖ ਵੱਖ ਪੈਨਲਾਂ ਰਾਹੀਂ 'ਕੈਨੇਡਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਰਪੇਸ਼ ਚੁਣੌਤੀਆਂ', 'ਸਿੱਖ ਅਤੇ ਮੂਲਵਾਸੀ ਬਜ਼ੁਰਗਾਂ ਦੇ ਲੋਕਾਚਾਰ ਨੂੰ ਜ਼ਿੰਦਾ ਰੱਖਣ' ਅਤੇ 'ਮਾਨਸਿਕ ਸਿਹਤ ਅਤੇ ਸਿੱਖੀ' ਬਾਰੇ ਮਾਹਿਰਾਂ ਵੱਲੋਂ ਵਿਚਾਰ ਚਰਚਾ ਕੀਤੀ ਗਈ। ਡਾ. ਸਤਪਾਲ ਸਿੰਘ ਨੇ ਪਹਿਲੇ ਦਿਨ ਦੀ ਕਾਨਫਰੰਸ ਵਿਚ ਪੇਸ਼ ਕੀਤੇ ਗਏ ਖੋਜ ਪੱਤਰਾਂ ਬਾਰੇ ਸੰਖੇਪ ਵਿਚ ਆਪਣੇ ਵਿਚਾਰ ਪੇਸ਼ ਕੀਤੇ।

ਦੂਜੇ ਦਿਨ ਦੀ ਸ਼ੁਰੂਆਤ ਬੀਸੀ ਦੇ ਸਾਬਕਾ ਡਿਪਟੀ ਸਿੱਖਿਆ ਮੰਤਰੀ ਡਾ: ਡੇਵਿਡ ਬੈਂਗ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਉਨ੍ਹਾਂ ਅਕਾਦਮਿਕ ਖੇਤਰ ਵਿੱਚ ਜੀਐਨਆਈ ਦੀ ਮਹੱਤਵਪੂਰਨ ਪ੍ਰਾਪਤੀ ਦੀ ਸ਼ਲਾਘਾ ਕੀਤੀ। ਡਾ. ਸ਼ਰਨਜੀਤ ਕੌਰ ਸੰਧਰਾ ਨੇ 'ਸਿੱਖ ਡਾਇਸਪੋਰਾ ਅਤੇ ਵਿਰੋਧੀ ਨੈੱਟਵਰਕ' ਬਾਰੇ ਖੋਜ ਪੱਤਰ ਪੜ੍ਹਿਆ। ਡਾ: ਤਰੁਨਜੀਤ ਸਿੰਘ ਬੁਟਾਲੀਆ ਨੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਏਕੀਕਰਨ ਬਾਰੇ ਆਪਣਾ ਸ਼ਾਨਦਾਰ ਦ੍ਰਿਸ਼ਟੀਕੋਣ ਸਾਂਝਾ ਕੀਤਾ ਅਤੇ ਆਪਣੇ ਤਜਰਬੇ ਰਾਹੀਂ ਦੱਸਿਆ ਕਿ ਕਿਵੇਂ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਲੋਕਾਂ ਨੂੰ ਇਕਜੁੱਟ ਕਰਨ ਲਈ ਕੀਤੀ ਜਾ ਸਕਦੀ ਹੈ। ਡਾ. ਪਰਮਜੀਤ ਕੌਰ ਨੇ ਆਪਣੇ ਖੋਜ ਪੱਤਰ ਰਾਹੀਂ ਸਿੱਖੀ ਅਤੇ ਇਸ ਦੇ ਤੱਤ ਨੂੰ ਪਰਿਭਾਸ਼ਤ ਕਰਦਿਆਂ ਆਧੁਨਿਕ ਸੰਸਾਰ ਵਿੱਚ ਸਿੱਖੀ ਦੀ ਪ੍ਰਸੰਗਿਕਤਾ, ਅਨੁਕੂਲਤਾ ਅਤੇ ਨਵੀਨਤਾ ਨੂੰ ਉਜਾਗਰ ਕੀਤਾ। ਲਾਹੌਰ ਤੋਂ ਆਏ ਡਾ. ਅਖਤਰ ਹੁਸੈਨ ਸੰਧੂ ਨੇ ਕਰਤਾਰਪੁਰ ਲਾਂਘੇ ਨੂੰ ਭਾਰਤ ਅਤੇ ਪਾਕਿਸਤਾਨ ਦਰਮਿਆਨ ਸ਼ਾਂਤੀ ਅਤੇ ਏਕਤਾ ਦਾ ਪ੍ਰਤੀਕ ਹੋਣ ਬਾਰੇ ਗੱਲ ਕੀਤੀ ਅਤੇ ਇਸ ਲਾਂਘੇ ਦੇ ਹੋਂਦ ਵਿਚ ਆਉਣ ਬਾਰੇ ਜਾਣਕਾਰੀ ਦਿੱਤੀ।

ਡਾ. ਮਹਿੰਦਰ ਕੌਰ ਗਰੇਵਾਲ ਨੇ ਸਿੱਖ ਔਰਤਾਂ ਬਾਰੇ ਗੁਰਬਾਣੀ, ਇਤਿਹਾਸਕ ਦ੍ਰਿਸ਼ਟੀਕੋਣ ਅਤੇ ਮੌਜੂਦਾ ਪਰਿਪੇਖ ਤੋਂ ਗੱਲ ਕਰਦਿਆਂ ਗੁਰੂ ਮਹਿਲ ਅਤੇ ਸਿੱਖ ਬਹਾਦਰ ਔਰਤਾਂ ਦੇ ਯੋਗਦਾਨ ਅਤੇ ਆਧੁਨਿਕ ਸੰਸਾਰ ਵਿੱਚ ਅਮਲੀ ਤੌਰ 'ਤੇ ਔਰਤਾਂ ਦੇ ਸਮਾਜਿਕ ਅਧਿਕਾਰਾਂ ਪ੍ਰਾਪਤੀ ਦਾ ਵਰਣਨ ਕੀਤਾ । ਡਾ: ਤੇਜਿੰਦਰ ਪਾਲ ਸਿੰਘ ਨੇ ਗੁਰਬਾਣੀ ਵਿੱਚ ਵਿਸ਼ੇਸ਼ ਪਿਆਰ ਦਾ ਸਿਧਾਂਤਕ ਅਤੇ ਵਿਹਾਰਕ ਦ੍ਰਿਸ਼ਟੀਕੋਣ ਪੇਸ਼ ਕੀਤਾ। ਉਨ੍ਹਾਂ ਦੁਨਿਆਵੀ ਪਿਆਰ ਨੂੰ ਅਧਿਆਤਮਿਕ ਪਿਆਰ ਵਿੱਚ ਬਦਲਣ ਲਈ ਪੰਜ ਨੁਕਤੇ ਸਾਂਝੇ ਕੀਤੇ। ਮੋਹਨਾਮ ਕੌਰ ਸ਼ੇਰਗਿੱਲ ਨੇ ਅਜੋਕੇ ਸੰਸਾਰ ਵਿਚ ਸਿੱਖ ਨੌਜਵਾਨਾਂ ਦੀਆਂ ਚੁਣੌਤੀਆਂ ਅਤੇ ਪ੍ਰੇਰਣਾ ਦੀ ਪਛਾਣ ਕੀਤੀ ਅਤੇ ਨੌਜਵਾਨਾਂ ਨੂੰ ਸਿੱਖ ਜੜ੍ਹਾਂ ਨਾਲ ਜੋੜਨ ਲਈ ਮਹੱਤਵਪੂਰਨ ਵਿਚਾਰ ਪੇਸ਼ ਕੀਤੇ ਅਤੇ ਖਾਸ ਤੌਰ 'ਤੇ ਇਸ ਸਬੰਧ ਵਿੱਚ ਨੌਜਵਾਨ ਔਰਤਾਂ ਨੂੰ ਦਰਪੇਸ਼ ਔਕੜਾਂ ਨੂੰ ਉਜਾਗਰ ਕੀਤਾ। ਅੰਤ ਵਿੱਚ ਡਾ: ਮਨਪ੍ਰੀਤ ਕੌਰ ਸਹੋਤਾ ਨੇ ਘੱਟ ਗਿਣਤੀ ਬਿਰਤਾਂਤ ਮਾਡਲ ਅਧੀਨ ਬਹੁ-ਸੱਭਿਆਚਾਰਕ ਦੇਸ਼ ਕੈਨੇਡਾ ਵਿਚ ਸਿੱਖਾਂ ਬਾਰੇ ਆਪਣਾ ਦ੍ਰਿਸ਼ਟੀਕੋਣ ਸਾਂਝਾ ਕੀਤਾ। ਦੂਜੇ ਦਿਨ ਦੇ ਤਿੰਨ ਪੈਨਲਾਂ ਰਾਹੀਂ ਨਸ਼ੀਲੇ ਪਦਾਰਥਾਂ ਅਤੇ ਦਵਾਈਆਂ ਦੀ ਵਰਤੋਂ ਅਤੇ ਸਪਲਾਈ, ਨੌਜਵਾਨ ਖੋਜਕਾਰਾਂ ਅਤੇ ਸਕਾਲਰਾਂ ਦੇ ਸ਼ਕਤੀਕਰਨ ਅਤੇ ਨੈਟਵਰਕਿੰਗ ਬਾਰੇ ਵੱਖ ਵੱਖ ਮਾਹਿਰਾਂ ਵੱਲੋਂ ਸੰਵਾਦ ਰਚਾਏ ਗਏ।

ਅੰਤ ਵਿਚ ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਦੇ ਪ੍ਰਧਾਨ ਅਤੇ ਸੀਈਓ ਗਿਆਨ ਸਿੰਘ ਸੰਧੂ ਨੇ

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616



ਇਸ ਇੰਸਟੀਚਿਊਟ ਦੇ ਹੋਂਦ ਵਿਚ ਆਉਣ, ਇਸ ਦੀ ਵਰਤਮਾਨ ਸਥਿਤੀ ਅਤੇ ਭਵਿੱਖ ਬਾਰੇ ਵਿਚਾਰ ਸਾਂਝੇ ਕੀਤੇ।



ਉਨ੍ਹਾਂ ਦੱਸਿਆ ਕਿ ਇਹ ਸੰਸਥਾ ਕੈਨੇਡਾ ਵਿਚ ਸਥਾਪਿਤ ਇਕ ਗੈਰ-ਮੁਨਾਫਾ ਪੋਸਟ ਸੈਕੰਡਰੀ ਵਿਦਿਅਕ ਅਤੇ ਖੋਜ ਸੰਸਥਾ ਹੈ ਜਿਸ ਨੂੰ ਬੀ.ਸੀ. ਦੇ ਪੋਸਟ ਸੈਕੰਡਰੀ ਸਿੱਖਿਆ ਅਤੇ ਭਵਿੱਖ ਦੇ ਹੁਨਰ ਮੰਤਰਾਲੇ ਦੀ ਪ੍ਰਾਈਵੇਟ ਟ੍ਰੇਨਿੰਗ ਇੰਸਟੀਚਿਊਟ ਬਰਾਂਚ ਵੱਲੋਂ ਮਾਨਤਾ ਹਾਸਲ ਹੈ। ਇਸ ਵਿਚ 115 ਅਕਾਦਮਿਕ ਅਤੇ ਮਾਹਿਰ ਪੇਸ਼ੇਵਰਾਂ ਦੀ ਇਕ ਸਮੱਰਪਿਤ ਅੰਤਰਰਾਸ਼ਟਰੀ ਟੀਮ ਕਾਰਜਸ਼ੀਲ ਹੈ। ਇਸ ਵਿਚ ਬਹੁਤ ਹੀ ਮਾਮੂਲੀ ਜਿਹੀ ਫੀਸ ਨਾਲ ਵਿਦਿਆਰਥੀ ਬਹੁਤ ਉੱਚਕੋਟੀ ਦੇ ਪ੍ਰੋਫੈਸਰਾਂ ਪਾਸੋਂ ਵਿਦਿਆ ਹਾਸਲ ਕਰ ਸਕਦੇ ਹਨ ਅਤੇ ਇਸ ਵੇਲੇ 60 ਪ੍ਰਤੀਸ਼ਤ ਵਿਦਿਆਰਥੀ ਸਕਾਲਰਸ਼ਿਪ ਹਾਸਲ ਕਰ ਰਹੇ ਹਨ। ਉਨ੍ਹਾਂ ਸੰਸਥਾ ਵੱਲੋਂ ਚਲਾਏ ਜਾ ਰਹੇ ਡਿਪਲੋਮਾਂ ਅਤੇ ਸਰਟੀਫੀਕੇਟ ਕੋਰਸਾਂ ਬਾਰੇ ਜਾਣਕਾਰੀ ਦਿੱਤੀ ਅਤੇ ਭਵਿੱਖ ਵਿਚ ਸ਼ੁਰੂ ਕੀਤੇ ਜਾ ਰਹੇ ਕੋਰਸਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਖੋਜ, ਵਿਦਿਆ ਅਤੇ ਸੇਵਾ ਰਾਹੀਂ ਸੱਭਿਅਚਾਰਕ ਵਖਰੇਵੇਂ ਦੇ ਨਾਲ ਨਾਲ ਸਿੱਖੀ ਦੀ ਸਹਿ-ਹੋਂਦ ਨੂੰ ਪ੍ਰਫੁੱਲਤ ਕਰਨਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦਾ ਦ੍ਰਿਸ਼ਟੀਕੋਣ ਇਕ ਅਜਿਹੀ ਯੂਨੀਵਰਸਿਟੀ ਬਣਾਉਣਾ ਹੈ ਜੋ ਵਿਸ਼ਵ ਦੀਆਂ ਪ੍ਰਮੁੱਖ ਵਿਦਿਅਕ ਸੰਸਥਾਵਾਂ ਦੇ ਮੁਕਾਬਲਤਨ ਹੋਵੇ।

ਇਹ ਦੋ ਦਿਨਾ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ ਗਿਆਨ ਸਿੰਘ ਸੰਧੂ, ਡਾ. ਕਮਲਜੀਤ ਕੌਰ ਸਿੱਧੂ, ਅਮਨਪ੍ਰੀਤ ਸਿੰਘ ਹੁੰਦਲ, ਗੁਰਜੀਤ ਕੌਰ ਬੈਂਸ, ਜਸਵਿੰਦਰ ਸਿੰਘ ਪਰਮਾਰ, ਡਾ. ਜਤਿੰਦਰ ਸਿੰਘ ਬੱਲ ਅਤੇ ਸੰਸਥਾ ਦੀ ਸਮੁੱਚੀ ਟੀਮ ਦੀ ਮਿਹਨਤ, ਸਮੱਰਪਿਤ ਭਾਵਨਾ, ਦੂਰ-ਅੰਦੇਸ਼ੀ ਅਤੇ ਯਤਨਾਂ ਸਦਕਾ ਕੈਨੇਡਾ ਵਿਚ ਨਵਾਂ ਇਤਿਹਾਸ ਸਿਰਜਣ ਵਿਚ ਬੇਹੱਦ ਸਫਲ ਰਹੀ। ਇਸ ਕਾਨਫਰੰਸ ਲਈ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਬੀ.ਸੀ. ਦੇ ਪ੍ਰੀਮੀਅਰ ਡੇਵਿਡ ਇਬੀ, ਸਿਟੀ ਆਫ ਸਰੀ ਦੀ ਮੇਅਰ ਬਰਿੰਡਾ ਲੌਂਕ ਵੱਲੋਂ ਵਧਾਈ ਸੰਦੇਸ਼ ਭੇਜੇ ਗਏ। ਸਾਬਕਾ ਫੈਡਰਲ ਮੰਤਰੀ ਨਵਦੀਪ ਸਿੰਘ ਬੈਂਸ, ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਤੇ ਰਣਦੀਪ ਸਿੰਘ ਸਰਾਏ, ਬੀ.ਸੀ. ਦੇ ਕਿਰਤ ਮੰਤਰੀ ਹੈਰੀ ਬੈਂਸ, ਸਿੱਖਿਆ ਤੇ ਬਾਲ ਸੰਭਾਲ ਮੰਤਰੀ ਡਾ. ਰਚਨਾ ਸਿੰਘ ਅਤੇ ਬੀ.ਸੀ. ਯੂਨਾਈਟਿਡ ਦੇ ਪ੍ਰਧਾਨ ਕੇਵਿਨ ਫਾਲਕਨ ਨੇ ਕਾਨਫਰੰਸ ਵਿਚ ਸ਼ਾਮਲ ਹੋ ਕੇ ਪ੍ਰਬੰਧਕਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ।

WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

*Your Lawyers, Because We Care*

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM





# ਡਾ. ਸੁਰਿੰਦਰ ਧੰਜਲ 'ਪ੍ਰੀਤਮ ਸਿੰਘ ਬਾਸੀ ਅੰਤਰ-ਰਾਸ਼ਟਰੀ ਸਾਹਿਤਕ ਪੁਰਸਕਾਰ' ਨਾਲ ਸਨਮਾਨਿਤ

ਸਰੀ (ਹਰਦਮ ਮਾਨ)-ਬੀ.ਸੀ. ਪੰਜਾਬੀ ਕਲਚਰਲ ਫਾਊਂਡੇਸ਼ਨ (ਰਜਿ.) ਵੱਲੋਂ 'ਪ੍ਰੀਤਮ ਸਿੰਘ ਬਾਸੀ ਅੰਤਰ-ਰਾਸ਼ਟਰੀ ਸਾਹਿਤਕ ਪੁਰਸਕਾਰ' ਇਸ ਵਾਰ ਕੈਮਲੂਪਸ ਵਸਦੇ ਨਾਮਵਰ ਸ਼ਾਇਰ, ਥਾਮਸਨ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਅਤੇ ਪ੍ਰੋਫੈਸਰ ਅਮੈਰੀਟਸ ਡਾ. ਸੁਰਿੰਦਰ ਧੰਜਲ ਨੂੰ ਦਿੱਤਾ ਗਿਆ। ਇਹ ਇਨਾਮ ਪ੍ਰਦਾਨ ਕਰਨ ਲਈ ਬੀਤੇ ਦਿਨ ਸਰੀ ਦੇ ਪੰਜਾਬ ਬੈਂਕੁਇਟ ਹਾਲ ਇਕ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਦੇ ਸਾਬਕਾ ਵਾਈਸ ਚਾਂਸਲਰ ਡਾ. ਐਸ. ਪੀ. ਸਿੰਘ, ਨਾਮਵਰ ਵਿਦਵਾਨ ਡਾ. ਸਾਧੂ ਸਿੰਘ, ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ, ਡਾ. ਸੁਰਿੰਦਰ ਧੰਜਲ ਅਤੇ ਮੰਗਾ ਬਾਸੀ ਨੇ ਕੀਤੀ।

ਸਟੇਜ ਦਾ ਸੰਚਾਲਨ ਸੰਭਾਲਦਿਆਂ ਉੱਘੇ ਸ਼ਾਇਰ ਮੋਹਨ ਗਿੱਲ ਨੇ ਦੱਸਿਆ ਕਿ ਕੈਮਲੂਪਸ ਵਸਦੇ ਪੰਜਾਬੀ ਸ਼ਾਇਰ ਮੰਗਾ ਬਾਸੀ ਵੱਲੋਂ ਆਪਣੇ ਪਿਤਾ ਪ੍ਰੀਤਮ ਸਿੰਘ ਬਾਸੀ ਦੀ ਯਾਦ ਵਿਚ ਸ਼ੁਰੂ ਕੀਤਾ ਗਿਆ ਇਹ ਅਵਾਰਡ ਇਸ ਤੋਂ ਪਹਿਲਾਂ ਸੱਤ ਨਾਮਵਰ ਸ਼ਖ਼ਸੀਅਤਾਂ ਨੂੰ ਉਹਨਾਂ ਦੇ ਜੀਵਨ ਭਰ ਦੀਆਂ ਸਾਹਿਤਕ, ਸਮਾਜਿਕ ਤੇ ਸਭਿਆਚਾਰਕ ਖੇਤਰ ਵਿਚਲੀਆਂ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ ਦਿੱਤਾ ਜਾ ਚੁੱਕਾ ਹੈ।

ਅਮਰੀਕ ਪਲਾਹੀ ਦੀ ਮਮਤਾ ਨੂੰ ਸਮੱਰਪਿਤ ਬਹੁਤ ਹੀ ਭਾਵੁਕ ਨਜ਼ਮ ਉਪਰੰਤ ਡਾ. ਸੁਰਿੰਦਰ ਧੰਜਲ ਦੇ ਗੂੜ੍ਹੇ ਮਿੱਤਰ ਭੁਪਿੰਦਰ ਧਾਲੀਵਾਲ ਨੇ ਡਾ. ਧੰਜਲ ਨੂੰ ਇਹ ਅਵਾਰਡ ਮਿਲਣ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਡਾ. ਧੰਜਲ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਵੱਲੋਂ ਵੱਖ ਵੱਖ ਸਾਹਿਤਕ ਸੰਸਥਾਵਾਂ ਦੀ ਕੀਤੀ ਅਗਵਾਈ ਅਤੇ ਪਾਏ ਯੋਗਦਾਨ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ। ਡਾ. ਸਾਧੂ ਸਿੰਘ ਨੇ ਇਸ ਸਮਾਗਮ ਨੂੰ ਉਨ੍ਹਾਂ ਦੇ ਦੋ ਬਹੁਤ ਹੀ ਨਿਕਟਵਰਤੀ ਪਰਿਵਾਰਾਂ (ਭਾਈਆ ਪ੍ਰੀਤਮ ਸਿੰਘ ਬਾਸੀ ਅਤੇ ਚੱਕ ਭਾਈਕੇ ਦੇ ਬਾਈ ਰਲਾ ਸਿੰਘ) ਦੇ ਬੜੇ ਸੂਝਵਾਨ ਸਪੁੱਤਰਾਂ ਦੀ ਪ੍ਰਾਪਤੀ ਦਾ ਜ਼ਸ਼ਨ ਆਖਿਆ ਅਤੇ ਡਾ. ਧੰਜਲ ਅਤੇ ਮੰਗਾ ਬਾਸੀ ਮੁਬਾਰਕਬਾਦ ਦਿੱਤੀ।

ਜਰਨੈਲ ਸਿੰਘ ਸੇਖਾ, ਡਾ. ਐਸ.ਪੀ. ਸਿੰਘ, ਬਲਵੰਤ ਸਿੰਘ ਸੰਘੇੜਾ, ਡਾ. ਸਾਧੂ ਬਿਨਿੰਗ, ਪਰਮਜੀਤ ਗਾਂਧੀ, ਸ਼ਿੰਦਾ ਢੇਸੀ, ਨਦੀਮ ਪਰਮਾਰ, ਡਾ. ਪਿਰਥੀਪਾਲ ਸਿੰਘ ਸੋਹੀ, ਪ੍ਰੋ. ਕਸ਼ਮੀਰਾ ਸਿੰਘ, ਭੁਪਿੰਦਰ ਮੱਲ੍ਹੀ, ਡਾ. ਗੋਪਾਲ ਸਿੰਘ ਬੁੱਟਰ, ਸੁਰਜੀਤ ਸਿੰਘ ਮਾਧੋਪੁਰੀ, ਅਸ਼ੋਕ ਭਾਰਗਵ ਨੇ ਡਾ. ਸੁਰਿੰਦਰ ਧੰਜਲ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸੁਰਿੰਦਰ ਧੰਜਲ ਇੱਕ ਪੰਜਾਬੀ ਕਵੀ, ਆਲੋਚਕ, ਪੱਤਰਕਾਰ, ਨਾਟਕ ਨਿਰਦੇਸ਼ਕ, ਕਲਾਕਾਰ ਅਤੇ ਕੰਪਿਊਟਰ ਵਿਗਿਆਨੀ ਹੈ। ਉਸ ਨੇ ਪੰਜਾਬੀ ਸਾਹਿਤ ਅਤੇ ਕਲਾ ਨਾਲ ਜੁੜੇ ਪੰਜਾਬੀਆਂ ਵਿੱਚ ਆਪਣੀ ਪਛਾਣ ਬਣਾਈ ਹੈ।

ਬੀ.ਸੀ. ਪੰਜਾਬੀ ਕਲਚਰਲ ਫਾਊਂਡੇਸ਼ਨ (ਰਜਿ.) ਵੱਲੋਂ ਮੰਗਾ ਬਾਸੀ ਨੇ ਡਾ. ਸੁਰਿੰਦਰ ਧੰਜਲ ਨੂੰ ਇਕ ਸਨਮਾਨ ਪੱਤਰ, ਸ਼ਾਲ ਅਤੇ 1100 ਡਾਲਰ ਰੂਪ ਵਿਚ ਪ੍ਰੀਤਮ ਸਿੰਘ ਬਾਸੀ ਯਾਦਗਾਰੀ ਪੁਰਸਕਾਰ ਪ੍ਰਦਾਨ ਕੀਤਾ। ਜਰਨੈਲ ਸਿੰਘ ਆਰਟਿਸਟ ਨੇ ਸਨਮਾਨ ਪੱਤਰ ਪੜ੍ਹਿਆ। ਡਾ. ਸੁਰਿੰਦਰ ਧੰਜਲ ਨੇ ਇਸ ਸਨਮਾਨ ਲਈ ਫਾਊਂਡੇਸ਼ਨ ਅਤੇ ਮੰਗਾ ਬਾਸੀ ਦਾ ਧੰਨਵਾਦ ਕਰਦਿਆਂ ਆਪਣੇ ਬਚਪਨ ਦੇ ਦਿਨਾਂ ਵਿਚ ਆਪਣੇ ਪਿਤਾ ਦੇ ਮੁੜ੍ਹਕੇ ਅਤੇ ਮੁਸ਼ੱਕਤ ਨੂੰ ਸਿਜਦਾ ਕੀਤਾ ਅਤੇ ਕਿਹਾ ਕਿ ਉਸ ਮਹਾਨ ਪਿਤਾ ਵੱਲੋਂ ਲਏ ਸੁਪਨਿਆਂ ਵਿਚ ਅੱਜ ਇਕ ਹੋਰ ਪ੍ਰਾਪਤੀ ਜੁੜ ਗਈ ਹੈ। ਇਸ ਮੌਕੇ ਉਨ੍ਹਾਂ ਆਪਣੀਆਂ ਦੋ ਕਵਿਤਾਵਾਂ ਆਪਣੇ ਦਿਲਕਸ਼ ਅੰਦਾਜ਼ ਪੇਸ਼ ਕੀਤੀਆਂ। ਅੰਤ ਵਿਚ ਮੰਗਾ ਬਾਸੀ ਨੇ ਆਪਣੇ ਪਿਤਾ ਦੀਆਂ ਯਾਦਾਂ ਤਾਜ਼ਾ ਕੀਤੀਆਂ ਅਤੇ ਬਜ਼ੁਰਗਾਂ ਨੂੰ ਮਾਣ ਸਨਮਾਨ ਦੀ ਗੱਲ ਕਹੀ। ਉਨ੍ਹਾਂ ਸਮਾਗਮ ਵਿਚ ਸ਼ਾਮਲ ਹੋਏ ਸਾਰੇ ਸ਼ੁੱਭਚਿੰਤਕਾਂ ਦਾ ਧੰਨਵਾਦ ਕੀਤਾ।

NAIYA GILL
PROFESSIONAL LAW CORPORATION
"Each Client Matters"



· Buying, Selling & Refinance of Real Estate (Residential & Commercial)
· Estate Planning
· Wills, Estates
· Representation Agreements
· Legal Aid · Immigration
· Commercial Lease
· Incorporation of Business
· Corporate Maintenance
· Buying or Selling a Business
· Family Law
· Sponsorship Letters
· Notary
· Power of Attorney

· ਪ੍ਰਾਪਰਟੀ ਖਰੀਦਣ, ਵੇਚਣ ਜਾਂ ਰਿਫਾਇਨਾਂਸ (ਰੈਜ਼ੀਡੈਂਸ਼ਿਅਲ ਅਤੇ ਕਮਰਸ਼ਿਅਲ)
· ਜਾਇਦਾਦ ਦੀ ਪਲੈਨਿੰਗ
· ਵਸੀਅਤ, ਜਾਇਦਾਦ
· ਰਿਪ੍ਰੈਜ਼ੰਨਟੇਸ਼ਨ ਸਮਝੌਤੇ
· ਕਾਨੂੰਨੀ ਸਹਾਇਤਾ
· ਇਮੀਗ੍ਰੇਸ਼ਨ · ਵਪਾਰਕ ਲੀਜ਼
· ਇਨਕਾਰਪੋਰਸ਼ਨ
· ਕਾਰਪੋਰੇਟ ਮੇਨਟੇਨੈਂਸ
· ਕੋਈ ਕਾਰੋਬਾਰ ਖਰੀਦਣਾ ਜਾਂ ਵੇਚਣਾ
· ਫੈਮਿਲੀ ਲਾਅ
· ਸਪਾਂਸਰਸ਼ਿਪ ਲੈਟਰਜ਼
· ਨੋਟਰੀ · ਪਾਵਰ ਆਫ ਅਟਾਰਨੀ

Appointments available in Surrey, White Rock & Abbotsford.
604.771.3089
info@ngplc.ca www.ngplc.ca

# ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆਂ ਨੂੰ ਲੈ ਕੇ ਕੈਨੇਡਾ ਨਾਲ ਵਿਵਾਦ ਬਾਰੇ ਸੰਯੁਕਤ ਰਾਸ਼ਟਰ ਵਿਖੇ ਚੁੱਪ ਰਿਹਾ ਭਾਰਤ

ਨਿਊਯਾਰਕ-ਭਾਰਤ ਅਤੇ ਕੈਨੇਡੀਅਨ ਡਿਪਲੋਮੈਟਾਂ ਨੇ ਵੱਖਵਾਦੀ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨੂੰ ਲੈ ਕੇ ਆਪਣੇ ਦੇਸ਼ਾਂ ਦੇ ਵਿਵਾਦ ਨੂੰ ਸਿੱਧੇ ਤੌਰ 'ਤੇ ਹੱਲ ਨਹੀਂ ਕੀਤਾ ਪਰ ਉਨ੍ਹਾਂ ਨੇ ਸੰਯੁਕਤ ਰਾਸ਼ਟਰ ਮਹਾਂ ਸਭਾ ਵਿਚ ਵਿਸ਼ਵ ਨੇਤਾਵਾਂ ਨੂੰ ਸੰਬੋਧਨ ਕਰਦਿਆਂ ਕੁਝ ਮੁੱਖ ਗੱਲਾਂ 'ਤੇ ਜ਼ੋਰ ਦਿੱਤਾ ਹੈ। ਵਿਦੇਸ਼ ਮੰਤਰੀ ਸੁਬਰਾਮਨੀਅਮ ਜੈਸ਼ੰਕਰ ਨੇ ਕਿਹਾ ਕਿ ਵਿਸ਼ਵ ਨੂੰ ਇਸ ਗੱਲ ਦਾ ਸਮਰਥਨ ਨਹੀਂ ਕਰਨਾ ਚਾਹੀਦਾ ਕਿ ਰਾਜਨੀਤਕ ਸਹੂਲਤ ਅੱਤਵਾਦ, ਕੱਟੜਵਾਦ ਅਤੇ ਹਿੰਸਾ ਦੇ ਜਵਾਬ ਨੂੰ ਨਿਰਧਾਰਤ ਕਰਦੀ ਹੈ। ਸੰਯੁਕਤ ਰਾਸ਼ਟਰ ਵਿਚ ਕੈਨੇਡੀਅਨ ਰਾਜਦੂਤ ਰਾਬਰਟ ਰੇ ਨੇ ਜ਼ੋਰ ਦੇ ਕੇ ਕਿਹਾ ਕਿ ਅਸੀਂ ਰਾਜਨੀਤਕ ਲਾਭ ਲਈ ਦੇਸ਼ਾਂ ਵਿਚਕਾਰ ਸਬੰਧਾਂ ਦੇ ਨਿਯਮਾਂ ਨੂੰ ਉਲਟਾ ਨਹੀਂ ਸਕਦੇ। ਪਿਛਲੇ ਹਫ਼ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਇਹ ਦੋਸ਼ ਲਗਾਉਣ ਕਿ ਜੂਨ ਮਹੀਨੇ ਵੈਨਕੂਵਰ ਨੇੜੇ ਸਰੀ ਵਿਚ ਕੈਨੇਡੀਅਨ ਨਾਗਰਿਕ ਦੀ ਹੱਤਿਆ ਪਿੱਛੇ ਭਾਰਤ ਦਾ ਹੱਥ ਹੋ ਸਕਦਾ ਹੈ ਪਿੱਛੋਂ ਦੋਵਾਂ ਦੇਸ਼ਾਂ ਵਿਚਕਾਰ ਸਬੰਧ ਖਰਾਬ ਹੋ ਗਏ। ਕੈਨੇਡਾ ਨੇ 45 ਸਾਲਾ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਸਬੰਧੀ ਦਾਅਵੇ ਦੇ ਸਮਰਥਨ ਵਿਚ ਅਜੇ ਕੋਈ ਜਨਤਕ ਸਬੂਤ ਮੁਹੱਈਆ ਨਹੀਂ ਕੀਤੇ। ਨਕਾਬਪੋਸ਼ ਬੰਦੂਕਧਾਰੀਆਂ ਵਲੋਂ ਕਤਲ ਕੀਤਾ ਗਿਆ ਨਿੱਝਰ ਆਜ਼ਾਦ ਸਿੱਖ ਰਾਜ ਜਿਸ ਨੂੰ ਖਾਲਿਸਤਾਨ ਦੇ ਨਾਂਅ ਨਾਲ ਜਾਣਿਆਂ ਜਾਂਦਾ ਹੈ ਨੂੰ ਬਣਾਉਣ ਲਈ ਇਕ ਵਾਰ ਮਜ਼ਬੂਤ ਰਹੀ ਲਹਿਰ ਦਾ ਆਗੂ ਸੀ ਅਤੇ ਭਾਰਤ ਨੇ ਉਸ ਨੂੰ ਅੱਤਵਾਦੀ ਮਨੋਨੀਤ ਕੀਤਾ ਹੋਇਆ ਸੀ।




## ਨਾਜ਼ੀ ਯੂਨਿਟ ਦੇ ਮੈਂਬਰ ਨੂੰ ਸਨਮਾਨਿਤ ਕਰਨ ਬਦਲੇ ਟਰੂਡੋ ਨੇ ਪਾਰਲੀਮੈਂਟ ਤਰਫੋਂ ਮੰਗੀ ਮੁਆਫੀ

ਓਟਵਾ-ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦੀ ਹਾਊਸ ਆਫ ਕਾਮਨਜ਼ ਦੀ ਸਰਕਾਰੀ ਫੇਰੀ ਦੌਰਾਨ ਦੂਸਰੀ ਵਿਸ਼ਵ ਜੰਗ ਵਿਚ ਨਾਜ਼ੀ ਯੂਨਿਟ ਦੇ ਮੈਂਬਰ ਰਹੇ ਵਿਅਕਤੀ ਨੂੰ ਸਨਮਾਨਿਤ ਕਰਨ ਦੀ ਭਿਆਨਕ ਗਲਤੀ ਬਦਲੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਾਰਲੀਮੈਂਟ ਦੀ ਤਰਫੋਂ ਮੁਆਫੀ ਮੰਗੀ ਹੈ। ਸ਼ੁੱਕਰਵਾਰ ਨੂੰ ਵਾਪਰੀ ਘਟਨਾ ਪਿੱਛੋਂ ਟਰੂਡੋ ਨੇ ਪਹਿਲੀ ਵਾਰ ਮੁਆਫੀ ਮੰਗੀ ਹੈ। ਇਸ ਮਾਮਲੇ ਨੂੰ ਲੈ ਕੇ ਵਿਸ਼ਵ ਭਰ ਵਿਚ ਆਲੋਚਨਾ ਹੋਈ ਸੀ। ਇਸ ਘਟਨਾ ਨੇ ਰੂਸ ਨੂੰ ਪ੍ਰਚਾਰ ਲਈ ਸਮੱਗਰੀ ਮੁਹੱਈਆ ਕੀਤੀ ਤੇ ਸਪੀਕਰ ਦੇ ਅਸਤੀਫੇ ਦੇ ਮੰਗ ਉਠੀ। ਟਰੂਡੋ ਨੇ ਕਿਹਾ ਕਿ ਇਸ ਸਦਨ ਵਿਚ ਸਾਡੇ ਵਲੋਂ ਜੋ ਕੁਝ ਸ਼ੁੱਕਰਵਾਰ ਵਾਪਰਿਆਂ ਹੈ ਅਤੇ ਰਾਸ਼ਟਰਪਤੀ ਜ਼ੇਲੇਂਸਕੀ ਅਤੇ ਯੂਕਰੇਨੀ ਵਫਦ ਦੀ ਇਸ ਮਾਮਲੇ ਨੂੰ ਲੈ ਕੇ ਜੋ ਸਥਿਤੀ ਬਣੀ ਉਸ ਲਈ ਉਹ ਮੁਆਫੀ ਮੰਗਣੀ ਚਾਹੁੰਦਾ ਹੈ। ਸਾਡੇ ਸਾਰਿਆਂ ਜਿਹੜੇ ਵੀ ਉਥੇ ਮੌਜੂਦ ਸਨ ਲਈ ਅਣਜਾਣੇ ਵਿਚ ਇਸ ਵਿਅਕਤੀ ਨੂੰ ਸਨਮਾਨਿਤ ਕਰਨਾ ਇਕ ਭਿਆਨਕ ਗਲਤੀ ਸੀ ਅਤੇ ਉਨ੍ਹਾਂ ਦੀ ਯਾਦ ਦੀ ਉਲੰਘਣਾ ਸੀ ਜਿਨ੍ਹਾਂ ਨੇ ਨਾਜ਼ੀ ਸ਼ਾਸਨ ਦੇ ਹੱਥੋਂ ਬੁਰੀ ਤਰ੍ਹਾਂ ਦੁੱਖ ਝੱਲੇ ਸਨ। ਕੰਸਰਵੇਟਿਵਾਂ, ਐਨਡੀਪੀ ਅਤੇ ਬਲੌਕ ਕਿਊਬਕੋਇਸ ਨੇ ਘਟਨਾ ਲਈ ਮੁਆਫੀ ਮੰਗਣ 'ਤੇ ਜ਼ੋਰ ਦਿੱਤਾ ਜਿਸ ਕਾਰਨ ਸਪੀਕਰ ਨੂੰ ਅਸਤੀਫਾ ਦੇਣਾ ਪਿਆ ਕਿਉਂਕਿ ਸਪੀਕਰ ਨੇ 98 ਸਾਲਾ ਵਿਅਕਤੀ ਨੂੰ ਹਾਊਸ ਆਫ ਕਾਮਨਜ਼ ਵਿਚ ਸੱਦਿਆ ਸੀ ਅਤੇ ਉਥੇ ਮੌਜੂਦ ਵਿਅਕਤੀਆਂ ਨੂੰ ਉਸ ਨੂੰ ਸਨਮਾਨਿਤ ਕਰਨ ਦੀ ਅਪੀਲ ਕੀਤੀ ਸੀ।

## 1957 ਪਿੱਛੋਂ ਇਮੀਗ੍ਰੇਸ਼ਨ ਕਾਰਨ ਹੀ ਕੈਨੇਡਾ ਦੀ ਆਬਾਦੀ ਵਿਚ ਸਭ ਤੋਂ ਵੱਡਾ ਵਾਧਾ ਹੋਇਆ

ਓਟਵਾ-1957 ਪਿੱਛੋਂ ਕੈਨੇਡਾ ਵਿਚ ਸਾਲਾਨਾ ਆਬਾਦੀ ਦਾ ਸਭ ਤੋਂ ਵੱਡਾ ਵਾਧਾ ਕੇਵਲ ਇਮੀਗ੍ਰੇਸ਼ਨ ਕਾਰਨ ਹੋਇਆ ਹੈ। ਸਟੈਟਿਸਟਿਕਸ ਕੈਨੇਡਾ ਦੇ ਨਵੇਂ ਅਨੁਮਾਨਾਂ ਮੁਤਾਬਿਕ ਜੁਲਾਈ 2022 ਤੋਂ ਜੁਲਾਈ 2023 ਨੂੰ ਖਤਮ ਹੋਏ ਸਾਲ ਵਿਚ ਦੇਸ਼ ਦੀ ਆਬਾਦੀ ਵਿਚ 10 ਲੱਖ ਤੋਂ ਵੀ ਜ਼ਿਆਦਾ ਵਾਧਾ ਹੋਇਆ ਹੈ। ਇਹ ਵਾਧਾ ਲਗਪਗ ਤਿੰਨ ਫ਼ੀਸਦੀ ਹੈ। ਇਸੇ ਸਮੇਂ ਦੌਰਾਨ ਕੈਨੇਡਾ ਵਿਚ ਆਰਜ਼ੀ ਵਾਸੀਆਂ ਦੀ ਗਿਣਤੀ ਵੀ 46 ਫ਼ੀਸਦੀ ਵਧੀ ਹੈ। ਇਕ ਜੁਲਾਈ 2023 ਨੂੰ ਕੈਨੇਡਾ ਵਿਚ 22 ਲੱਖ ਗੈਰ ਸਥਾਈ ਪ੍ਰਵਾਸੀ ਰਹਿ ਰਹੇ ਸਨ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਦਾ ਕਹਿਣਾ ਕਿ ਉਹ ਗਿਣਤੀ ਤੋਂ ਹੈਰਾਨ ਨਹੀਂ ਪਰ ਉਹ ਨਵੇਂ ਪਹੁੰਚਣ ਵਾਲੇ ਲੋਕਾਂ ਲਈ ਯੋਜਨਾ ਬਣਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹਨ। ਲਿਬਰਲ ਸਰਕਾਰ ਨੇ ਪਿਛਲੇ ਕਈ ਸਾਲਾਂ ਵਿਚ ਰਿਕਾਰਡ ਤੋੜਨ ਵਾਲੇ ਨਿਸ਼ਾਨੇ ਤਹਿ ਕੀਤੇ ਹਨ ਪਰ ਉਨ੍ਹਾਂ ਲੋਕਾਂ ਦੀ ਗਿਣਤੀ ਲਈ ਕੋਈ ਵਿਸ਼ੇਸ਼ ਟੀਚੇ ਤਹਿ ਨਹੀਂ ਜਿਹੜੇ ਆਰਜ਼ੀ ਵੀਜ਼ਾ 'ਤੇ ਕੈਨੇਡਾ ਆਉਂਦੇ ਹਨ। ਭਾਵੇਂ ਕੈਨੇਡਾ ਦੀ ਪਿਛਲੇ ਸਾਲ ਜਨਸੰਖਿਆ ਕਾਫੀ ਵਧੀ ਹੈ ਪਰ ਜਣਨ ਦਰ ਲਗਾਤਾਰ ਘਟ ਰਹੀ ਹੈ।




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker

THANK YOU FOR MAKING US

2022

Outstanding Achievement

National TOP 20%

PRIVATE MORTGAGES

No Worries... We Can Help!

Easily available Private Mortgage could be just what you need.

★ Up to $5 million available
★ $10,000 to $1 million in just 24 Hours



★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers

Call today to get started

SANJEEV KATYAL
604.767.5194
info@katyalmortgage.ca

invis
Canada's Mortgage Experts™

MORTGAGE INTELLIGENCE®

WWW.KATYALMORTGAGE.CA


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਲੇਜਰ ਸਰਵੇਖਣ ਵਿਚ ਪੋਲੀਵਰ ਤੇ ਟੌਰੀਜ਼ ਦੀ ਲੀਡ ਬਰਕਰਾਰ

ਓਟਵਾ-ਲੇਜਰ ਦੇ ਤਾਜ਼ਾ ਸਰਵੇਖਣ ਵਿਚ ਕੰਸਰਵੇਟਿਵਾਂ ਨੇ ਆਪਣੀ ਗਰਮੀਆਂ ਵਾਲੀ ਲੀਡ ਬਰਕਰਾਰ ਰੱਖੀ ਹੈ। ਸਰਵੇਖਣ ਵਿਚ ਹਿੱਸਾ ਲੈਣ ਵਾਲੇ 26 ਫ਼ੀਸਦੀ ਲੋਕ ਸੋਚਦੇ ਹਨ ਕਿ ਪੋਲੀਵਰ ਇਕ ਬਿਹਤਰ ਪ੍ਰਧਾਨ ਮੰਤਰੀ ਹੋਣਗੇ। ਉਨ੍ਹਾਂ ਵਿਚੋਂ 20 ਫ਼ੀਸਦੀ ਨੇ ਟਰੂਡੋ ਤੇ 14 ਫ਼ੀਸਦੀ ਨੇ ਜਗਮੀਤ ਸਿੰਘ ਦੇ ਪ੍ਰਧਾਨ ਮੰਤਰੀ ਹੋਣ ਨੂੰ ਤਰਜੀਹ ਦਿੱਤੀ। ਲੇਜਰ ਵਲੋਂ 1600 ਤੋਂ ਵੀ ਵੱਧ ਕੈਨੇਡੀਅਨਾਂ ਦੀ ਰਾਇ ਜਾਨਣ ਲਈ ਵੀਕਐਂਡ ਵਿਚ ਆਨਲਾਈਨ ਸਰਵੇਖਣ ਕੀਤਾ ਸੀ। ਫ਼ੈਸਲਾ ਲੈ ਚੁੱਕੇ ਵੋਟਰਾਂ ਵਿਚੋ 39 ਫ਼ੀਸਦੀ ਦੀ ਟੋਰੀ ਲੀਡਰ ਪੀਅਰ ਪੋਲੀਵਰ ਦੀ ਪਾਰਟੀ ਨੂੰ ਹਮਾਇਤ ਹਾਸਲ ਹੈ ਅਤੇ ਇਹ ਫੈਡਰਲ ਲਿਬਰਲਜ਼ ਨਾਲੋਂ 12 ਫ਼ੀਸਦੀ ਅੱਗੇ ਹੈ। ਇਕ ਮਹੀਨਾ ਪਹਿਲਾਂ ਨਾਲੋਂ ਸਰਵੇਖਣ ਵਿਚ ਕੁਝ ਅੰਕ ਟੌਰੀਜ਼ ਦੇ ਵਧੇ ਹਨ ਜਦਕਿ ਬਲੌਕ ਕਿਊਬਕੋਇਸ ਦਾ ਕਿਊਬਕ ਵੋਟਰਾਂ ਵਿਚ ਸਮਰਥਨ 7 ਫ਼ੀਸਦੀ ਘਟਿਆ ਹੈ। ਲਿਬਰਲਜ਼ ਨੂੰ 29 ਫ਼ੀਸਦੀ ਕਿਊਬਕ ਵੋਟਰਾਂ ਦਾ ਸਮਰਥਨ ਹਾਸਲ ਹੈ। ਇਹ ਸਰਵੇਖਣ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਇਹ ਦੋਸ਼ ਲਗਾਉਣ ਕਿ ਸਰੀ ਵਿਚ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤ ਸਰਕਾਰ ਦਾ ਹੱਥ ਹੈ ਤੋਂ ਬਾਅਦ ਦੇ ਦਿਨਾਂ ਵਿਚ ਕੀਤਾ ਗਿਆ ਸੀ। ਆਨਲਾਈਨ ਸਰਵੇਖਣ ਲਿਬਰਲਜ਼ ਵਲੋਂ ਨਵੀਂ ਹਾਊਸਿੰਗ ਨੀਤੀਆਂ ਦਾ ਖੁਲਾਸਾ ਕਰਨ ਤੋਂ ਛੇਤੀ ਬਾਅਦ ਵਿਚ 22 ਤੋਂ 24 ਸਤੰਬਰ ਤਕ ਕੀਤਾ ਗਿਆ ਸੀ। ਸਰਵੇਖਣ ਵਿਚ ਸ਼ਾਮਿਲ 16 ਫ਼ੀਸਦੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੇ ਸਮਰਥਨ ਬਾਰੇ ਅਜੇ ਫ਼ੈਸਲਾ ਨਹੀਂ ਲਿਆ। ਸਰਵੇਖਣ ਵਿਚ ਸ਼ਾਮਿਲ ਵਿਚੋਂ ਸਿਰਫ ਇਕ ਤਿਹਾਈ ਨੇ ਕਿਹਾ ਕਿ ਉਹ ਟਰੂਡੋ ਸਰਕਾਰ ਤੋਂ ਸੰਤੁਸ਼ਟ ਹਨ। ਇਹੀ ਨਤੀਜੇ ਇਕ ਮਹੀਨੇ ਪਹਿਲਾਂ ਸਨ।




## ਬਟਨ ਦੀ ਕਲਿਕ 'ਤੇ ਨਾਗਰਿਕਤਾ ਲੈਣੀ ਅਜੇ ਵੀ ਸੰਭਵ-ਇਮੀਗ੍ਰੇਸ਼ਨ ਮੰਤਰੀ



ਓਟਵਾ-ਨਵੇਂ ਇਮੀਗ੍ਰੇਸ਼ਨ ਮੰਤਰੀ ਅਜੇ ਵੀ ਵਿਵਾਦਪੂਰਣ ਵਿਕਲਪ 'ਤੇ ਵਿਚਾਰ ਕਰ ਰਹੇ ਹਨ ਜਿਹੜਾ ਨਵੇਂ ਕੈਨੇਡੀਅਨਾਂ ਨੂੰ ਬਟਨ ਦੇ ਇਕ ਕਲਿਕ ਨਾਲ ਨਾਗਰਿਕਤਾ ਲਈ ਆਪਣੀ ਸਹੁੰ ਚੁੱਕਣ ਦੀ ਇਜਾਜ਼ਤ ਦਿੰਦਾ ਹੈ ਪਰ ਇਸ ਨੂੰ ਲਾਗੂ ਕਰਨ ਲਈ ਕੋਈ ਤੁਰੰਤ ਯੋਜਨਾ ਨਹੀਂ। ਸਰਕਾਰ ਨੇ ਫਰਵਰੀ ਵਿਚ ਲੋਕਾਂ ਤੋਂ ਇਸ ਵਿਚਾਰ ਬਾਰੇ ਪ੍ਰਤੀਕਿਰਿਆ (ਫੀਡਬੈਕ) ਮੰਗੀ ਸੀ ਜਿਹੜਾ ਨਵੇਂ ਕੈਨੇਡੀਅਨਾਂ ਨੂੰ ਵਰਚੂਅਲ ਜਾਂ ਵਿਅਕਤੀਗਤ ਸਮਾਰੋਹ ਨੂੰ ਛੱਡ ਕੇ ਮਾਊਸ ਦੀ ਕਲਿਕ ਨਾਲ ਸਹੁੰ ਚੁੱਕਣ ਦੀ ਇਜਾਜ਼ਤ ਦਿੰਦਾ ਹੈ। ਆਨਲਾਈਨ ਪੋਸਟ ਕੀਤੇ ਕੰਸਲਟੇਸ਼ਨ ਦਸਤਾਵੇਜ਼ ਕਹਿੰਦੇ ਹਨ ਕਿ ਨਵੇਂ ਨਿਯਮ ਜੂਨ 2023 ਵਿਚ ਲਾਗੂ ਹੋਣ ਦੀ ਆਸ ਹੈ ਪਰ ਸਰਕਾਰ ਉਸ ਸਮੇਂ ਤੋਂ ਆਪਣੀਆਂ ਯੋਜਨਾਵਾਂ ਬਾਰੇ ਚੁੱਪ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਵਿਭਾਗ ਅਜੇ ਵੀ ਇਸ 'ਤੇ ਵਿਚਾਰ ਕਰ ਰਿਹਾ ਹੈ ਅਤੇ ਉਹ ਇਸ ਨੂੰ ਚੰਗਾ ਵਿਚਾਰ ਸਮਝਦੇ ਹਨ। ਤੁਹਾਨੂੰ ਇਨ੍ਹਾਂ ਪਲਾਂ ਨੂੰ ਹਲਕੇ ਵਿਚ ਨਹੀਂ ਲੈਣਾ ਚਾਹੀਦਾ ਸਗੋਂ ਸਾਨੂੰ ਤਕਨੀਕੀ ਵਿਕਲਪਾਂ ਦੀ ਲੋੜ ਹੈ। ਵਿਭਾਗ ਦੀ 21ਵੀਂ ਸਦੀ ਦੇ ਹਾਣਦਾ ਨਾ ਹੋਣ ਲਈ ਆਲੋਚਨਾ ਕੀਤੀ ਗਈ ਅਤੇ ਮੇਰਾ ਖਿਆਲ ਹੈ ਕਿ ਇਹ ਇਕ ਵਿਕਲਪ ਹੈ ਜਿਸ ਨੂੰ ਸਾਨੂੰ ਸੁਰੱਖਿਅਤ ਰੱਖਣਾ ਚਾਹੀਦਾ ਹੈ।

## ਭਾਰਤ ਦਾ ਵਿਦੇਸ਼ੀ ਕਰਜ਼ਾ 629.1 ਅਰਬ ਡਾਲਰ ਤੱਕ ਪੁੱਜਿਆ

ਮੁੰਬਈ-ਭਾਰਤ ਦਾ ਵਿਦੇਸ਼ੀ ਕਰਜ਼ਾ ਜੂਨ 2023 ਦੇ ਅੰਤ ਵਿਚ ਮਾਮੂਲੀ ਤੌਰ 'ਤੇ ਵਧ ਕੇ 629.1 ਅਰਬ ਅਮਰੀਕੀ ਡਾਲਰ ਹੋ ਗਿਆ। ਭਾਰਤੀ ਰਿਜ਼ਰਵ ਬੈਂਕ ਵੱਲੋਂ ਅੱਜ ਜਾਰੀ ਅੰਕੜਿਆਂ 'ਚ ਇਹ ਗੱਲ ਸਾਹਮਣੇ ਆਈ ਹੈ। ਅੰਕੜਿਆਂ ਮੁਤਾਬਕ ਕਰਜ਼ੇ ਵਿੱਚ 4.7 ਅਰਬ ਅਮਰੀਕੀ ਡਾਲਰ ਦਾ ਵਾਧਾ ਹੋਇਆ ਹੈ। ਮਾਰਚ ਦੇ ਅੰਤ ਵਿੱਚ ਇਹ 624.3 ਅਰਬ ਅਮਰੀਕੀ ਡਾਲਰ ਸੀ।

## ਨਾਗੋਰਨੋ-ਕਾਰਾਬਾਖ ਤੋਂ ਹਜ਼ਾਰਾਂ ਅਰਮੀਨੀਆਈ ਭੱਜ ਗਏ

ਬਾਕੂ-ਪਿਛਲੇ ਹਫ਼ਤੇ ਵੱਖ ਹੋਏ ਖੇਤਰ ਨਾਗੋਰਨੋ-ਕਾਰਾਬਾਖ ਵਿਚ ਵੱਖਵਾਦੀ ਫੋਰਸਾਂ ਨੂੰ ਅਜ਼ਰਬਾਈਜਾਨ ਵਲੋਂ ਮਾਤ ਦੇਣ ਪਿੱਛੋਂ ਹਜ਼ਾਰਾਂ ਭੁੱਖੇ ਤੇ ਥੱਕੇ ਹਾਰੇ ਅਰਮੀਨੀਆਈ ਮੂਲ ਦੇ ਪਰਿਵਾਰ ਨਾਗੋਰਨੋ-ਕਾਰਾਬਾਖ ਵਿਚ ਆਪਣੇ ਘਰ ਛੱਡ ਕੇ ਭੱਜ ਰਹੇ ਹਨ। ਨਾਗੋਰਨੋ-ਕਾਰਾਬਾਖ ਜਿਹੜਾ ਅਜ਼ਰਬਾਈਜਾਨ ਦਾ ਹਿੱਸਾ ਹੈ ਅਤੇ ਸੋਵੀਅਤ ਯੂਨੀਅਨ ਦੇ ਟੁੱਟਣ ਦੇ ਸਮੇਂ ਤੋਂ ਬਾਕੂ ਦੇ ਕੰਟਰੋਲ ਤੋਂ ਬਾਹਰ ਸੀ ਵਿਚ ਅਜ਼ਰਬਾਈਜਾਨ ਦੀ ਫ਼ੌਜ ਵਲੋਂ ਅਸਮਾਨੀ ਬਿਜਲੀ ਵਾਂਗ ਚਲਾਏ ਆਪਰੇਸ਼ਨ ਵਿਚ ਵੱਖਵਾਦੀ ਫੋਰਸਾਂ ਦੀ ਹਾਰ ਪਿੱਛੋਂ ਅਰਮੀਨੀਆਈ ਮੂਲ ਦੇ ਲੋਕਾਂ ਨੇ ਭੱਜਣਾ ਸ਼ੁਰੂ ਕਰ ਦਿੱਤਾ ਹੈ। ਰੂਸੀ ਤਾਸ ਨਿਊਜ਼ ਨੇ ਡਿਪਟੀ ਪ੍ਰਧਾਨ ਮੰਤਰੀ ਟਿਗਰਾਨ ਖਚਤਰੀਆਨ ਦੇ ਹਵਾਲੇ ਨਾਲ ਦੱਸਿਆ ਕਿ ਨਾਗੋਰਨੋ-ਕਾਰਾਬਾਖ ਵਿਚ ਰਹਿੰਦੇ 120000 ਅਰਮੀਨੀਆਈ ਮੂਲ ਦੇ ਲੋਕਾਂ ਵਿਚੋਂ ਘੱਟੋ ਘੱਟ 19000 ਸਰਹੱਦ ਪਾਰ ਕਰਕੇ ਅਰਮੀਨੀਆ ਆ ਗਏ ਹਨ।

## ਪੁਲਿਸ ਅਧਿਕਾਰੀ ਦੀ ਹੱਤਿਆ ਕਰਨ ਵਾਲੇ ਡਰਾਈਵਰ ਨੂੰ 12 ਸਾਲ ਕੈਦ ਦੀ ਸਜ਼ਾ

ਕੈਲਗਰੀ-ਇਥੋਂ ਦੇ ਇਕ ਪੁਲਿਸ ਅਫਸਰ ਦੀ ਹਿਟ-ਐਂਡ-ਰਨ ਮਾਮਲੇ ਵਿਚ ਹੋਈ ਮੌਤ ਲਈ ਦੋਸ਼ੀ ਡਰਾਈਵਰ ਨੂੰ 12 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। 31 ਦਸੰਬਰ 2020 ਨੂੰ ਇਕ ਐਸਯੂਵੀ ਨੇ 37 ਸਾਲਾ ਸਾਰਜੈਂਟ ਐਂਡਰਿਊ ਹਰਨੇਟ ਨੂੰ ਘਸੀਟਦੇ ਹੋਏ ਦੂਸਰੇ ਪਾਸੇ ਤੋਂ ਆਉਂਦੀ ਇਕ ਹੋਰ ਕਾਰ ਦੇ ਰਸਤੇ ਵਿਚ ਸੁੱਟ ਦਿੱਤਾ ਸੀ ਜਿਸ ਪਿੱਛੋਂ ਉਸ ਦੀ ਮੌਤ ਹੋ ਗਈ। ਐਸਯੂਵੀ ਦਾ ਡਰਾਈਵਰ ਜਿਹੜਾ ਹੁਣ 20 ਸਾਲ ਦਾ ਹੈ ਦੀ ਹਾਦਸੇ ਸਮੇਂ ਉਮਰ 18 ਸਾਲ ਤੋਂ ਕੁਝ ਦਿਨ ਘੱਟ ਸੀ ਅਤੇ ਉਸ 'ਤੇ ਫਸਟ ਡਿਗਰੀ ਕਤਲ ਦਾ ਦੋਸ਼ ਲਗਾਇਆ ਗਿਆ ਸੀ। ਕੋਰਟ ਆਫ ਕਿੰਗ ਦੇ ਬੈਂਚ ਜਸਟਿਸ ਅੱਨਾ ਲੋਪਾਰਕੋ ਨੇ ਉਸ ਨੂੰ ਮੈਨਸਲਾਟਰ ਲਈ ਦੋਸ਼ੀ ਕਰਾਰ ਦਿੱਤਾ ਅਤੇ ਹੁਕਮ ਦਿੱਤਾ ਕਿ ਉਸ ਨੂੰ ਬਾਲਗਾਂ ਵਾਲੀ ਸਜ਼ਾ ਦਿੱਤੀ ਜਾਵੇ। ਆਪਣੇ ਫ਼ੈਸਲੇ ਵਿਚ ਉਸ ਨੇ ਡਰਾਈਵਰ ਵਲੋਂ ਜੇਲ੍ਹ ਵਿਚ ਗੁਜ਼ਾਰੇ ਚਾਰ ਸਾਲ ਦੇ ਸਮੇਂ ਨੂੰ ਉਸ ਦੀ ਕੈਦ ਵਿਚੋਂ ਘਟਾ ਦਿੱਤਾ ਜਿਸ ਦਾ ਮਤਲਬ ਉਸ ਨੂੰ 8 ਸਾਲ ਕੈਦ ਕੱਟਣੀ ਪਵੇਗੀ। ਜੱਜ ਨੇ ਕਿਹਾ ਕਿ ਸਾਰਜੈਂਟ ਹਰਨੇਟ ਦੀ ਜਦੋਂ ਮੌਤ ਹੋਈ ਤਾਂ ਉਸ ਦੀ ਪਤਨੀ ਉਨ੍ਹਾਂ ਦੇ ਪਹਿਲੇ ਬੱਚੇ ਲਈ ਗਰਭਵਤੀ ਸੀ। ਨੌਜਵਾਨ ਲੜਕੇ ਨੇ ਅਦਾਲਤ ਵਿਚ ਸਾਰਜੈਂਟ ਹਰਨੇਟ ਦੇ ਪਰਿਵਾਰ ਤੋਂ ਮੁਆਫੀ ਮੰਗੀ। ਉਸ ਨੇ ਕਿਹਾ ਕਿ ਉਹ ਜ਼ਿੰਮੇਵਾਰੀ ਸਵੀਕਾਰ ਕਰਦਾ ਹੈ, ਉਸ ਨੂੰ ਬਹੁਤ ਅਫਸੋਸ ਹੈ। ਐਸਯੂਵੀ ਦੀ ਨੰਬਰ ਪਲੇਟ ਉਸ ਦੀ ਰਜਿਸਟਰੇਸ਼ਨ ਨਾਲ ਮੇਲ ਨਾ ਖਾਣ ਦਾ ਪਤਾ ਲੱਗਣ ਪਿੱਛੋਂ ਹਰਨੇਟ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ।






# ਡੇਅਕੇਅਰ ਸੈਂਟਰਾਂ ਵਿਚ ਈ. ਕੋਲੀ ਬਿਮਾਰੀ ਫੈਲਣ ਲਈ ਜ਼ਿੰਮੇਵਾਰ ਸਮਝੀ ਜਾਂਦੀ ਕੰਪਨੀ ਖਿਲਾਫ ਜਾਂਚ

ਕੈਲਗਰੀ-ਪੁਲਿਸ ਵਿਸ਼ਾਲ ਪੈਡੀਐਟਰਿਕ ਈ. ਕੌਲੀ ਬਿਮਾਰੀ ਫੈਲਣ ਜਿਸ ਲਈ ਕਾਰੋਬਾਰੀ ਲਾਇਸੰਸ ਤੋਂ ਬਿਨ੍ਹਾਂ ਕੰਮ ਕਰਨ ਲਈ ਮਿਉਂਸਪਲ ਬਾਈਲਾਅ ਤਹਿਤ ਵੱਖਰੇ ਤੌਰ 'ਤੇ ਦੋਸ਼ ਲਗਾਏ ਗਏ ਹਨ ਲਈ ਜ਼ਿੰਮੇਵਾਰ ਸਮਝੀ ਜਾਂਦੀ ਕੰਪਨੀ ਖਿਲਾਫ ਜਾਂਚ ਕਰ ਰਹੀ ਹੈ। ਅਲਬਰਟਾ ਦੇ ਚੀਫ ਮੈਡੀਕਲ ਅਫਸਰ ਫਾਰ ਹੈਲਥ ਮਾਰਕ ਜੋਫ ਨੇ ਖੁਲਾਸਾ ਕੀਤਾ ਕਿ 29 ਅਗਸਤ ਨੂੰ ਮੀਟਲੋਫ ਅਤੇ ਸ਼ਾਕਾਹਾਰੀ ਭੋਜਨ ਬਿਮਾਰੀ ਫੈਲਣ ਦੇ ਸ਼ੱਕੀ ਸਰੋਤ ਹਨ। ਉਸੇ ਪ੍ਰੈਸ ਕਾਨਫਰੰਸ ਵਿਚ ਅਲਬਰਟਾ ਦੀ ਪ੍ਰੀਮੀਅਰ ਡੇਨੀਅਲ ਸਮਿਥ ਨੇ ਰਸੋਈ ਵਿਚ ਖਾਣਾ ਤਿਆਰ ਕਰਕੇ ਭੋਜਨ ਮੁਹੱਈਆ ਕਰਨ ਵਾਲੇ ਡੇਅਕੇਅਰ ਸੈਂਟਰਾਂ ਵਿਚ ਭੋਜਨ ਸੁਰੱਖਿਆ ਦੀ ਸਮੀਖਿਆ ਲਈ ਇਕ ਪੈਨਲ ਬਣਾਉਣ ਦਾ ਐਲਾਨ ਕੀਤਾ। ਡਾ. ਜੋਫ ਨੇ ਦੱਸਿਆ ਕਿ ਜਾਂਚ ਅਧਿਕਾਰੀ ਭੋਜਨ ਦੇ ਨਮੂਨਿਆਂ ਦੀ ਜਾਂਚ ਕਰਨ ਵਿਚ ਅਸਮਰੱਥ ਹਨ ਕਿਉਂਕਿ ਉਨ੍ਹਾਂ ਨੂੰ ਜਾਂ ਤਾਂ ਖਾ ਲਿਆ ਜਾਂ ਸੁੱਟ ਦਿੱਤੇ ਗਏ। ਮੌਜੂਦਾ ਸਮੇਂ ਕੈਲਗਰੀ ਇਲਾਕੇ ਵਿਚ ਈ ਕੌਲੀ ਦੇ 351 ਪੁਸ਼ਟੀ ਵਾਲੇ ਮਾਮਲੇ ਹਨ ਅਤੇ 37 ਸੈਕੰਡਰੀ ਮਾਮਲੇ ਹਨ। ਬਿਮਾਰੀ ਦੇ ਸਿਖਰ ਪੁੱਜਣ ਸਮੇਂ 20 ਤੋਂ ਵੀ ਵੱਧ ਬੱਚਿਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਬਾਅਦ ਵਿਚ ਕੈਲਗਰੀ ਪੁਲਿਸ ਸਰਵਿਸ ਨੇ ਇਕ ਬਿਆਨ ਵਿਚ ਕਿਹਾ ਕਿ ਉਸ ਦੀ ਬਾਲ ਸੋਸ਼ਣ ਯੂਨਿਟ ਇਹ ਪਤਾ ਲਗਾਉਣ ਲਈ ਏਐਚਐਸ ਨਾਲ ਕੰਮ ਕਰ ਰਹੀ ਹੈ ਕਿ ਬਿਮਾਰੀ ਫੈਲਣ ਲਈ ਕੋਈ ਅਪਰਾਧਿਕ ਤੱਤ ਜ਼ਿੰਮੇਵਾਰ ਤਾਂ ਨਹੀਂ ਪਰ ਹੋਰ ਵੇਰਵੇ ਨਹੀਂ ਦਿੱਤੇ। ਇਸੇ ਦੌਰਾਨ ਸਿਟੀ ਆਫ ਕੈਲਗਰੀ ਨੇ ਕਿਹਾ ਕਿ ਫਿਊਲਿੰਗ ਮਾਈਂਡਸ ਜਿਹੜੀ ਕੈਟਰਿੰਗ ਰਸੋਈ ਦਾ ਸੰਚਾਲਨ ਕਰਦੀ ਹੈ ਬਿਮਾਰੀ ਲਈ ਜ਼ਿੰਮੇਵਾਰ ਹੈ ਅਤੇ ਇਸ ਦੇ ਦੋ ਡਾਇਰੈਕਟਰਾਂ ਅਨਿਲ ਕਰੀਮ ਅਤੇ ਫੈਸਲ ਅਲੀਮੋਹਦ 12 ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਜੇਕਰ ਦੋਸ਼ੀ ਕਰਾਰ ਦਿੱਤੇ ਗਏ ਤਾਂ ਉਨ੍ਹਾਂ ਨੂੰ 120000 ਡਾਲਰ ਜ਼ੁਰਮਾਨਾ ਹੋ ਸਕਦਾ ਹੈ।




## 2020 ਦੇ ਡਰੱਗ ਮਾਮਲੇ ਨਾਲ ਸਬੰਧਤ ਡੈਲਟਾ ਵਿਚ ਘਰ ਜ਼ਬਤ

ਸਰੀ-ਡੈਲਟਾ ਪੁਲਿਸ ਵਲੋਂ ਵੱਡੇ ਪੱਧਰ 'ਤੇ ਨਸ਼ੀਲੇ ਪਦਾਰਥਾਂ ਦੀ ਕੀਤੀ ਜਾ ਰਹੀ ਜਾਂਚ ਦੇ ਸਬੰਧ ਵਿਚ ਸਿਵਲ ਫੋਰਟੀਫੀਚਰ ਆਫਿਸ ਨੇ ਤਸਵਵਾਸਨ ਵਿਚ 21 ਲੱਖ ਡਾਲਰ ਮੁੱਲ ਵਾਲੇ ਇਕ ਘਰ ਨੂੰ ਜ਼ਬਤ ਕਰ ਲਿਆ। ਡੈਲਟਾ ਅਤੇ ਰਿਚਮੰਡ ਵਿਚ ਕਥਿਤ ਡਰੱਗ ਆਪੇਸ਼ਨ ਤਹਿਤ ਡੀਪੀਡੀ ਦੀ ਨਵੰਬਰ 2020 ਦੇ ਪ੍ਰਾਜੈਕਟ ਰੋਲਿੰਗ ਥੰਡਰ ਨਾਲ ਜਾਣੀ ਜਾਂਦੀ ਜਾਂਚ ਦੇ ਸਬੰਧ ਵਿਚ ਪ੍ਰਾਪਰਟੀ ਜ਼ਬਤ ਕੀਤੀ ਪ੍ਰਾਪਰਟੀ ਕੈਨੇਡਾ-ਅਮਰੀਕਾ ਸਰਹੱਦ 'ਤੇ 5282 ਵਿਲੀਅਮਜ਼ ਐਵੀਨਿਊ ਵਿਖੇ ਸਥਿਤ ਹੈ। ਜਾਂਚ ਅਧਿਕਾਰੀਆਂ ਨੇ ਮਾਮਲਾ ਸੀਐਫਓ ਨੂੰ ਸੌਂਪ ਦਿੱਤਾ ਜਿਸ ਨੇ ਅਪਰਾਧ ਦੀ ਕਮਾਈ ਵਜੋਂ ਰਿਹਾਇਸ਼ੀ ਜਾਇਦਾਦ ਨੂੰ ਜ਼ਬਤ ਕਰ ਲਿਆ ਅਤੇ ਬਾਅਦ ਵਿਚ ਸੁਪਰੀਮ ਕੋਰਟ ਨੇ ਜ਼ਬਤ ਕਰਨ ਦੀ ਕਾਰਵਾਈ ਨੂੰ ਪ੍ਰਵਾਨਗੀ ਦੇ ਦਿੱਤੀ। ਪ੍ਰਾਪਰਟੀ ਜਿਸ ਦੀ ਕੀਮਤ 2.133 ਮਿਲੀਅਨ ਡਾਲਰ ਸੀ ਨੂੰ ਇਸ ਹਫ਼ਤੇ ਦੇ ਸ਼ੁਰੂ ਵਿਚ ਬ੍ਰਿਟਿਸ਼ ਕੋਲੰਬੀਆ ਸੂਬੇ ਨੂੰ ਤਬਦੀਲ ਕਰ ਦਿੱਤਾ ਗਿਆ।

## ਮਿਥ ਕੇ ਕੀਤੀ ਗੋਲੀਬਾਰੀ ਵਿਚ ਇਕ ਵਿਅਕਤੀ ਜ਼ਖ਼ਮੀ

ਸਰੀ-ਇਥੋ ਦੇ 21 ਸਾਲਾ ਇਕ ਨੌਜਵਾਨ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਅਤੇ ਪੇਂਟਿਕਟਨ ਵਿਚ ਵਾਪਰੀ ਇਸ ਘਟਨਾ ਨੂੰ ਆਰ.ਸੀ.ਐਮ.ਪੀ. ਮਿਥ ਕੇ ਕੀਤੀ ਗਈ ਗੋਲੀਬਾਰੀ ਕਹਿ ਰਹੀ ਹੈ। ਪੈਂਟਿਕਟਨ ਆਰ.ਸੀ.ਐਮ.ਪੀ. ਜਨਰਲ ਇਨਵੈਸਟੀਗੇਟਿਵ ਸੈਕਸ਼ਨ ਨੇ 23 ਸਤੰਬਰ ਨੂੰ ਹੋਈ ਗੋਲੀਬਾਰੀ ਦਾ ਮਾਮਲਾ ਆਪਣੇ ਹੱਥਾਂ ਵਿਚ ਲੈ ਲਿਆ। ਇਸ ਗੋਲੀਬਾਰੀ ਦੇ ਸਿੱਟੇ ਵਜੋਂ ਇਕ ਵਿਅਕਤੀ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮੁੱਢਲੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਇਹ ਮਿਥ ਕੇ ਕੀਤੀ ਗਈ ਘਟਨਾ ਹੈ ਅਤੇ ਪੁਲਿਸ ਇਹ ਮਹਿਸੂਸ ਨਹੀਂ ਕਰਦੀ ਕਿ ਇਸ ਤੋਂ ਜਨਤਾ ਨੂੰ ਕੋਈ ਖ਼ਤਰਾ ਹੈ। ਇਹ ਖ਼ੁਸ਼ਕਿਸਮਤੀ ਹੈ ਕਿ ਦਿਨ ਦੇ ਸਮੇਂ ਤੇ ਸਥਾਨ ਦੇਖਦੇ ਹੋਏ ਘਟਨਾ ਵਿਚ ਹੋਰ ਕੋਈ ਵਿਅਕਤੀ ਜ਼ਖ਼ਮੀ ਨਹੀਂ ਹੋਇਆ। ਘਟਨਾ ਰਾਤ 9.30 ਵਜੇ ਗਰੀਨ ਮਾਊਂਟਨ ਰੋਡ 'ਤੇ ਸੁਪਰ ਸੇਵ ਗੈਸ ਸਟੇਸ਼ਨ ਵਿਖੇ ਵਾਪਰੀ। ਆਰਸੀਐਮਪੀ ਜਦੋਂ ਮੌਕੇ 'ਤੇ ਪੁੱਜੀ ਤਾਂ ਉਸ ਨੂੰ ਇਕ ਵਿਅਕਤੀ ਜ਼ਖ਼ਮੀ ਹਾਲਤ ਵਿਚ ਮਿਲਿਆ ਜਿਸ ਦੇ ਚਿਹਰੇ 'ਤੇ ਗੋਲੀ ਲੱਗੀ ਹੋਈ ਸੀ। ਆਰਸੀਐਮਪੀ ਨੇ ਉਸ ਦੀ ਹਾਲਤ ਨੂੰ ਗੰਭੀਰ ਪਰ ਸਥਿਰ ਆਖਿਆ ਹੈ।

## ਕੈਨੇਡਾ ਨੇ ਤਾਜ਼ਾ ਐਕਸਪ੍ਰੈਸ ਐਂਟਰੀ ਡਰਾਅ ਵਿਚ 3000 ਉਮੀਦਵਾਰਾਂ ਨੂੰ ਦਿੱਤਾ ਸੱਦਾ

ਓਟਵਾ-ਇਮੀਗ੍ਰੇਸ਼ਨ ਰਿਫਊਜ਼ੀਸ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੇ ਸੱਦਾ ਦੇਣ ਦੇ ਨਵੇਂ ਐਕਸਪ੍ਰੈਸ ਐਂਟਰੀ ਦੌਰ ਵਿਚ ਇਨਵੀਟੇਸ਼ਨ ਟੂ ਅਪਲਾਈ (ਆਈਟੀਏ) ਜਾਰੀ ਕੀਤਾ ਹੈ। ਆਲ-ਪ੍ਰੋਗਰਾਮ ਡਰਾਅ ਵਿਚ ਵਿਭਾਗ ਨੇ 3000 ਉਮੀਦਵਾਰਾਂ ਨੂੰ ਸੱਦਾ ਦਿੱਤਾ ਹੈ। ਆਈਟੀਏ ਪ੍ਰਾਪਤ ਕਰਨ ਲਈ ਘੱਟੋ ਘੱਟ ਕੰਪਰੀਹੈਂਸਿਵ ਰੈਂਕਿੰਗ ਸਿਸਟਮ (ਸੀਆਰਐਸ) ਸਕੋਰ 504 ਸੀ। ਇਹ ਡਰਾਅ 18 ਸਤੰਬਰ ਦੇ ਹਫ਼ਤੇ ਦੌਰਾਨ ਕਈ ਦੌਰਾਂ ਤੋਂ ਬਾਅਦ ਕੱਢਿਆ ਗਿਆ ਹੈ। ਆਈਆਰਸੀਸੀ ਨੇ 19 ਸਤੰਬਰ ਨੂੰ ਆਲ-ਪ੍ਰੋਗਰਾਮ ਡਰਾਅ ਵਿਚ 3200 ਉਮੀਦਵਾਰਾਂ ਅਤੇ ਅਗਲੇ ਦਿਨ 20 ਸਤੰਬਰ ਨੂੰ 1000 ਉਮੀਦਵਾਰਾਂ ਨੂੰ ਸੱਦਾ ਦਿੱਤਾ ਸੀ।

## ਅਮਰੀਕਾ ਵਿਚ ਹੁੰਡਈ ਤੇ ਕੀਆ ਨੇ ਅੱਗ ਦੇ ਖਤਰੇ ਕਾਰਨ ਲਗਪਗ 34 ਲੱਖ ਮੋਟਰ ਗੱਡੀਆਂ ਵਾਪਸ ਬੁਲਾਈਆਂ

ਡੀਟ੍ਰੋਇਟ-ਹੁੰਢਈ ਤੇ ਕੀਆ ਕੰਪਨੀਆਂ ਅਮਰੀਕਾ ਵਿਚ ਲਗਪਗ 34 ਲੱਖ ਮੋਟਰ ਗੱਡੀਆਂ ਨੂੰ ਵਾਪਸ ਬੁਲਾ ਰਹੀਆਂ ਹਨ ਅਤੇ ਮੋਟਰ ਗੱਡੀਆਂ ਦੇ ਮਾਲਕਾਂ ਨੂੰ ਕਿਹਾ ਜਾ ਰਿਹਾ ਹੈ ਕਿ ਇੰਜਨ ਕੰਪਾਰਟਮੈਂਟ ਵਿਚ ਅੱਗ ਲੱਗਣ ਦੇ ਖ਼ਤਰੇ ਕਾਰਨ ਉਹ ਉਨ੍ਹਾਂ ਨੂੰ ਬਾਹਰ ਖੜੀਆਂ ਕਰ ਦੇਣ। ਰੀਕਾਲ ਵਿਚ 2010 ਤੋਂ 2019 ਮਾਡਲ ਦੀਆਂ ਕਈ ਕਾਰਾਂ ਅਤੇ ਐਸਯੂਵੀ ਸ਼ਾਮਿਲ ਹਨ ਜਿਨ੍ਹਾਂ ਵਿਚ ਹੁੰਢਈ ਦੀ ਸੈਂਟਾ ਫੀ ਐਸਯੂਵੀ ਅਤੇ ਕੀਆ ਦੀ ਸੋਰੇਂਟੋ ਐਸਯੂਵੀ ਸ਼ਾਮਿਲ ਹਨ। ਅਮਰੀਕੀ ਨੈਸ਼ਨਲ ਹਾਈਵੇਅ ਟਰੈਫਿਕ ਸੇਫਟੀ ਐਡਮਨਿਸਟਰੇਸ਼ਨ ਵਲੋਂ ਪੋਸਟ ਕੀਤੇ ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਐਂਟੀ-ਲਾਕ ਬਰੇਕ ਕੰਟਰੋਲ ਮਾਡਿਊਲ ਵਿੱਚੋਂ ਤਰਲ ਲੀਕ ਕਰ ਸਕਦਾ ਹੈ ਜਿਹੜਾ ਇਲੈਕਟ੍ਰੀਕਲ ਸ਼ਾਰਟ ਦਾ ਕਾਰਨ ਬਣ ਸਕਦਾ ਹੈ ਅਤੇ ਇਹ ਮੋਟਰ ਗੱਡੀਆਂ ਨੂੰ ਖੜੇ ਕੀਤੇ ਹੋਣ ਜਾਂ ਚਲਾਉਂਦੇ ਸਮੇਂ ਛੂਹ ਸਕਦਾ ਹੈ। ਕੰਪਨੀਆਂ ਨੇ ਕਾਰ ਮਾਲਕਾਂ ਨੂੰ ਸਲਾਹ ਦਿੱਤੀ ਕਿ ਉਹ ਗੱਡੀਆਂ ਘਰਾਂ ਤੋਂ ਬਾਹਰ ਖੜੀਆਂ ਕਰ ਦੇਣ ਅਤੇ ਜਦੋਂ ਤਕ ਮੁਰੰਮਤ ਨਹੀਂ ਹੁੰਦੀ ਉਨ੍ਹਾਂ ਤੋਂ ਦੂਰ ਰਹਿਣ।




# ਮਸਕ ਨੇ ਆਪਣੇ ਬੇਟੇ ਨੂੰ ਮੋਢੇ ’ਤੇ ਬਿਠਾ ਕੇ ਹੰਗਰੀ ਦੀ ਰਾਸ਼ਟਰਪਤੀ ਨਾਲ ਕੀਤੀ ਮੁਲਾਕਾਤ

ਟੈਕਸਾਸ-ਟੇਸਲਾ ਦੇ ਸੀਈਓ ਐਲੋਨ ਮਸਕ ਨੇ ਸੋਮਵਾਰ ਨੂੰ ਟੈਕਸਾਸ ਗੀਗਾਫੈਕਟਰੀ ਵਿਖੇ ਹੰਗਰੀ ਦੀ ਰਾਸ਼ਟਰਪਤੀ ਕੈਟਲਿਨ ਨੋਵਾਕ ਨਾਲ ਮੁਲਾਕਾਤ ਕੀਤੀ। ਦੋਵਾਂ ਵਿਚਾਲੇ ਵੈਸਟਰਨ ਵਰਲਡ ਦੀ ਆਬਾਦੀ ਘਟਣ ਦੇ ਸੰਕਟ ‘ਤੇ ਚਰਚਾ ਹੋਈ। ਹੰਗਰੀ ਦੀ ਰਾਸ਼ਟਰਪਤੀ ਨੇ ਇਸ ਮੁਲਾਕਾਤ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ ‘ਤੇ ਸ਼ੇਅਰ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਬੱਚੇ ਪੈਦਾ ਨਾ ਹੋਣਾ ਸਾਡੇ ਸਮਿਆਂ ਦੀ ਸਭ ਤੋਂ ਵੱਡੀ ਚਿੰਤਾ ਹੈ। ਮਸਕ ਨੇ ਵੀ ਇਨ੍ਹਾਂ ਤਸਵੀਰਾਂ ਨੂੰ ਰੀਪੋਸਟ ਕੀਤਾ ਹੈ। ਮਸਕ ਨੇ ਇਹ ਵੀ ਲਿਖਿਆ ਕਿ ‘ਬੱਚੇ ਪੈਦਾ ਕਰਨਾ ਦੁਨੀਆਂ ਨੂੰ ਬਚਾਉਣਾ ਹੈ’। ਇਸ ਮੀਟਿੰਗ ਵਿੱਚ ਨੋਵਾਕ ਨੇ ਮਸਕ ਨੂੰ ਕਿਹਾ ਕਿ ਜਲਵਾਯੂ ਪਰਿਵਰਤਨ ਦੇ ਖ਼ਤਰਿਆਂ ਦੀ ਤੁਲਨਾ ਵਿੱਚ, ਜਨਸੰਖਿਆ ਸੰਕਟ ਵੱਲ ਪੂਰਾ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੇਔਲਾਦਤਾ (ਚਾਈਡਲੇਸਨੈਸ) ਸਾਡੇ ਸਮਿਆਂ ਦੀ ਸਭ ਤੋਂ ਵੱਡੀ ਚਿੰਤਾ ਹੈ। ਨੋਵਾਕ ਨੇ ਕਿਹਾ ਕਿ ਮਸਕ ਨਾਲ ਗੱਲ ਕੀਤੀ ਕਿ ਅਸੀਂ ਨੌਜਵਾਨਾਂ ਨੂੰ ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਲਈ ਇਕੱਠੇ ਕੀ ਕਰ ਸਕਦੇ ਹਾਂ। ਮਸਕ ਵੀ ਇਸ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦੇ ਰਹੇ ਹਨ। ਹਾਲ ਹੀ ਵਿਚ ਉਨ੍ਹਾਂ ਕਿਹਾ ਸੀ ਕਿ ਪਾਪੂਲੇਸ਼ਨ ਕੋਲੇਪਸ’ ਜਲਵਾਯੂ ਪਰਿਵਰਤਨ ਤੋਂ ਵੀ ਵੱਡਾ ਖ਼ਤਰਾ ਹੈ।



# ਔਰਤ ਨੇ ਬੇਟੀ ਦੇ ਵਿਆਹ ਲਈ ਬੈਂਕ ਲਾਕਰ ਵਿਚ ਰੱਖੇ ਸਨ 18 ਲੱਖ, ਸਿਉਂਕ ਲੱਗ ਕੇ ਸਾਰੀ ਰਕਮ ਹੋਈ ਤਬਾਅ

ਮੁਰਾਦਾਬਾਦ-ਮੁਰਾਦਾਬਾਦ ਦੇ ਬੈਂਕ ਆਫ ਬੜੌਦਾ ਦੀ ਰਾਮਗੰਗਾ ਵਿਹਾਰ ਸ਼ਾਖਾ ਤੋਂ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਕ ਗਾਹਕ ਨੇ ਬੈਂਕ ਦੇ ਲਾਕਰ ਵਿੱਚ 18 ਲੱਖ ਰੁਪਏ ਰੱਖੇ ਹੋਏ ਸਨ, ਜਿਸ ਵਿੱਚ ਗਹਿਣੇ ਅਤੇ ਕੀਮਤੀ ਸਾਮਾਨ ਰੱਖਿਆ ਹੋਇਆ ਸੀ, ਜਿਸ ਨੂੰ ਸਿਉਂਕ ਲੱਗ ਗਈ ਅਤੇ ਸਾਰੇ 18 ਲੱਖ ਰੁਪਏ ਨਸ਼ਟ ਹੋ ਗਏ। ਇਹ ਗੱਲ ਉਦੋਂ ਸਾਹਮਣੇ ਆਈ ਜਦੋਂ ਲਾਕਰ ਧਾਰਕ ਔਰਤ ਇਸ ਨੂੰ ਰੀਨਿਊ ਕਰਵਾਉਣ ਲਈ ਬੈਂਕ ਗਈ। ਜਦੋਂ ਉਸ ਨੇ ਉੱਥੇ ਜਾ ਕੇ ਲਾਕਰ ਖੋਲ੍ਹਿਆ ਤਾਂ ਦੇਖਿਆ ਕਿ 18 ਲੱਖ ਰੁਪਏ ਦੇ ਸਾਰੇ ਨੋਟ ਸਿਉਂਕ ਖਾ ਚੁੱਕੀ ਹੈ, ਜਿਸ ਤੋਂ ਬਾਅਦ ਔਰਤ ਦੇ ਹੋਸ਼ ਉੱਡ ਗਏ। ਲਾਕਰ ਹੋਲਡਰ ਔਰਤ ਨੇ ਇਸ ਦੀ ਸ਼ਿਕਾਇਤ ਬ੍ਰਾਂਚ ਮੈਨੇਜਰ ਨੂੰ ਕੀਤੀ, ਜਿਸ ਤੋਂ ਬਾਅਦ ਬੈਂਕ ਵਿੱਚ ਹੜਕੰਪ ਮਚ ਗਿਆ ਅਤੇ ਬੈਂਕ ਵੱਲੋਂ ਇਸ ਗੰਭੀਰ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਦਰਅਸਲ, ਮੁਰਾਦਾਬਾਦ ਦੀ ਆਸ਼ਿਆਨਾ ਕਲੋਨੀ ਦੀ ਰਹਿਣ ਵਾਲੀ ਅਲਕਾ ਪਾਠਕ ਨੇ ਅਕਤੂਬਰ 2022 ਵਿੱਚ ਆਪਣੀ ਬੇਟੀ ਦੇ ਵਿਆਹ ਲਈ ਬੈਂਕ ਦੇ ਲਾਕਰ ਵਿੱਚ ਗਹਿਣਿਆਂ ਸਮੇਤ 18 ਲੱਖ ਰੁਪਏ ਰੱਖੇ ਸਨ। ਅਲਕਾ ਪਾਠਕ ਨੂੰ ਸੋਮਵਾਰ ਨੂੰ ਬੈਂਕ ਆਫ ਬੜੌਦਾ ਵਿਖੇ ਸਮਝੌਤੇ ਦੇ ਨਵੀਨੀਕਰਨ ਅਤੇ ਕੇ.ਵਾਈ.ਸੀ. ਲਈ ਬੁਲਾਇਆ ਗਿਆ ਸੀ। ਜਦੋਂ ਉਹ ਬੈਂਕ ਪਹੁੰਚੀ ਤਾਂ ਉਸ ਨੇ ਲਾਕਰ ਖੋਲ੍ਹ ਕੇ ਦੇਖਿਆ ਤਾਂ ਉੱਥੇ ਗਹਿਣੇ ਸਮੇਤ 18 ਲੱਖ ਰੁਪਏ ਪਏ ਸਨ। ਜਿਵੇਂ ਹੀ ਉਸ ਨੇ ਲਾਕਰ ਖੋਲ੍ਹਿਆ ਤਾਂ ਉਸ ਦੇ ਹੋਸ਼ ਉੱਡ ਗਏ। ਉਸ ਨੇ ਦੇਖਿਆ ਕਿ ਲਾਕਰ ਵਿੱਚ ਰੱਖੇ ਉਸ ਦੇ ਸਾਰੇ ਨੋਟਾਂ ਨੂੰ ਸਿਉਂਕ ਲੱਗੀ ਪਈ ਹੈ। ਜਿਸ ਤੋਂ ਬਾਅਦ ਉਸ ਨੇ ਇਸ ਦੀ ਸੂਚਨਾ ਬੈਂਕ ਅਧਿਕਾਰੀ ਨੂੰ ਦਿੱਤੀ। ਜਿਸ ਤੋਂ ਬਾਅਦ ਇਹ ਮਾਮਲਾ ਚਰਚਾ ਵਿਚ ਆਇਆ। ਅਲਕਾ ਪਾਠਕ ਦਾ ਕਹਿਣਾ ਹੈ ਕਿ ਉਸ ਦਾ ਬਿਸਤਰੇ ਦੀ ਸਪਲਾਈ ਦਾ ਛੋਟਾ ਜਿਹਾ ਕਾਰੋਬਾਰ ਹੈ, ਇਸ ਦੇ ਨਾਲ ਹੀ ਉਹ ਬੱਚਿਆਂ ਨੂੰ ਟਿਊਸ਼ਨ ਵੀ ਦਿੰਦੀ ਹੈ। ਕੁਝ ਦਿਨ ਪਹਿਲਾਂ ਜਦੋਂ ਉਸ ਦੀ ਲੜਕੀ ਦਾ ਵਿਆਹ ਹੋਇਆ ਸੀ ਤਾਂ ਉਸ ਨੇ ਅਕਤੂਬਰ 2022 ਵਿਚ ਆਪਣੀ ਦੂਜੀ ਬੇਟੀ ਦੇ ਵਿਆਹ ਲਈ ਬਾਕੀ ਬਚੇ ਪੈਸੇ ਅਤੇ ਬੱਚਤ ਬੈਂਕ ਦੇ ਲਾਕਰ ਵਿਚ ਰੱਖ ਦਿੱਤੀ ਸੀ। ਇਸ ਵਿੱਚ ਕਰੀਬ 18 ਲੱਖ ਰੁਪਏ ਅਤੇ ਕੁਝ ਗਹਿਣੇ ਰੱਖੇ ਹੋਏ ਸਨ। ਪਰ ਲਾਕਰ ਧਾਰਕ ਅਲਕਾ ਪਾਠਕ ਨੂੰ ਇਹ ਨਹੀਂ ਪਤਾ ਸੀ ਕਿ ਲਾਕਰ ਵਿੱਚ ਕਰੰਸੀ ਨੋਟ ਨਹੀਂ ਰੱਖੇ ਜਾ ਸਕਦੇ। ਉਸ ਨੇ ਖੁਦ 18 ਲੱਖ ਰੁਪਏ ਕਾਲੇ ਲਿਫਾਫੇ ਵਿਚ ਲਾਕਰ ਵਿਚ ਗਹਿਣੇ ਰੱਖੇ ਸਨ। ਇਸ ਦੇ ਨਾਲ ਹੀ ਬੈਂਕ ਦੇ ਬ੍ਰਾਂਚ ਮੈਨੇਜਰ ਨੇ ਅਲਕਾ ਪਾਠਕ ਨੂੰ ਕਿਹਾ ਹੈ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾਵੇਗੀ, ਰਿਪੋਰਟ ਆਉਣ ਤੋਂ ਬਾਅਦ ਜਾਣਕਾਰੀ ਸਾਂਝੀ ਕੀਤੀ ਜਾਵੇਗੀ।








# ਅਜੀਬ ਮਾਮਲਾ : ਮੱਝ ਖਿਲਾਫ ਥਾਣੇ ’ਚ ਕੇਸ ਦਰਜ, ਪੁਲਸ ਨੇ ਕੀਤਾ ਗ੍ਰਿਫ਼ਤਾਰ

ਸ਼ਾਹਡੋਲ-ਮੱਧ ਪ੍ਰਦੇਸ਼ ਦੇ ਸ਼ਾਹਡੋਲ ਤੋਂ ਇੱਕ ਅਜੀਬ ਮਾਮਲਾ ਸਾਹਮਣੇ ਆਇਆ ਹੈ।ਦੱਸਿਆ ਜਾ ਰਿਹਾ ਹੈ ਕਿ ਇੱਥੇ ਇੱਕ ਮੱਝ ਦੇ ਖਿਲਾਫ ਮਾਮਲਾ ਦਰਜ ਕਰਵਾਇਆ ਗਿਆ ਹੈ।ਹਾਲਾਂਕਿ ਪੁਲਸ ਨੇ ਇਸ ਮਾਮਲੇ ‘ਚ ਪਹਿਲਾਂ ਮੱਝ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਫਿਰ ਉਸ ਦੇ ਮਾਲਕ ਨੂੰ ਸੌਂਪ ਦਿੱਤਾ ਸੀ।ਦਰਅਸਲ, ਇਹ ਪੂਰਾ ਮਾਮਲਾ ਮੱਧ ਪ੍ਰਦੇਸ਼ ਦੇ ਸ਼ਾਹਡੋਲ ਜ਼ਿਲੇ ਦੇ ਗੋਹਪਾਰੂ ਥਾਣਾ ਖੇਤਰ ਦੇ ਪਿੰਡ ਅਸਵਾਰੀ ਦਾ ਹੈ।ਜਾਣਕਾਰੀ ਮਿਲੀ ਹੈ ਕਿ ਪਿੰਡ ਦੇ ਇੱਕ ਵਿਅਕਤੀ ਦੀ ਮੱਝ ਦੇ ਹਮਲੇ ਨਾਲ ਮੌਤ ਹੋ ਗਈ।ਇਸ ਤੋਂ ਬਾਅਦ ਗੁੱਸੇ ‘ਚ ਆਏ ਮ੍ਰਿਤਕ ਦੇ ਰਿਸ਼ਤੇਦਾਰਾਂ ਨੇ ਉਕਤ ਮੱਝ ਦੇ ਖਿਲਾਫ ਥਾਣੇ ‘ਚ ਸ਼ਿਕਾਇਤ ਦਰਜ ਕਰਵਾਈ। ਪੁਲੀਸ ਨੇ ਇਸ ਸ਼ਿਕਾਇਤ ਦੇ ਆਧਾਰ ‘ਤੇ ਮੱਝ ਦੇ ਮਾਲਕ ਖ਼ਿਲਾਫ਼ ਕੇਸ ਵੀ ਦਰਜ ਕਰ ਲਿਆ ਹੈ।ਪੁਲਸ ਨੇ ਮੱਝ ਨੂੰ ਕਬਜ਼ੇ ਵਿੱਚ ਲੈ ਕੇ ਬਾਅਦ ਵਿਚ ਮਾਲਕ ਦੇ ਹਵਾਲੇ ਕਰ ਦਿੱਤਾ ਹੈ।ਦੱਸ ਦੇਈਏ ਕਿ ਜ਼ਿਲੇ ਦੇ ਗੋਹਪੜੂ ਥਾਣਾ ਖੇਤਰ ਦੇ ਪਿੰਡ ਆਸਵਾਰੀ ਦਾ ਰਹਿਣ ਵਾਲਾ ਸ਼ਿਵਮ ਸਿੰਘ ਗੌਂਡ ਆਪਣੇ ਘਰ ਦੇ ਕੋਲ ਖੜ੍ਹਾ ਸੀ ਤਾਂ ਗੁਆਂਢ ਦੇ ਹੀ ਰਹਿਣ ਵਾਲੇ ਲਾਲ ਸਿੰਘ ਨੇ ਉਸ ਦੇ ਪਸ਼ੂਆਂ ਨੂੰ ਘਰੋਂ ਬਾਹਰ ਕੱਢਿਆ ਅਤੇ ਉਨ੍ਹਾਂ ਨੂੰ ਚਰਾਉਣ ਲਈ ਜੰਗਲ ਵੱਲ ਲੈ ਗਿਆ ਸੀ। ਉਦੋਂ ਉਸ ਦੀ ਮੱਝ ਨੇ ਅਚਾਨਕ ਉਸ ਦੇ ਗੁਆਂਢੀ ਸ਼ਿਵਮ ‘ਤੇ ਹਮਲਾ ਕਰ ਦਿੱਤਾ।ਇਸ ਹਮਲੇ ਵਿੱਚ ਸ਼ਿਵਮ ਨੂੰ ਗੰਭੀਰ ਸੱਟਾਂ ਲੱਗੀਆਂ।ਇਸ ਤੋਂ ਬਾਅਦ ਸ਼ਿਵਮ ਨੂੰ ਹਸਪਤਾਲ ‘ਚ ਭਰਤੀ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਗੰਭੀਰ ਰੂਪ ‘ਚ ਜ਼ਖਮੀ ਸ਼ਿਵਮ ਦੀ ਮੌਤ ਹੋ ਗਈ।






# ਮਾਨਸਿਕ ਬਿਮਾਰੀਆਂ : ਮਨ ਤੇ ਬਿਮਾਰੀਆਂ ਦਾ ਸੰਬੰਧ

ਆਰਾਮ ਕਰਨਾ ਸਭ ਤੋਂ ਜ਼ਰੂਰੀ ਉਸ ਸਮੇਂ ਹੁੰਦਾ ਹੈ, ਜਦੋਂ ਤੁਹਾਡੇ ਕੋਲ ਆਰਾਮ ਕਰਨ ਦਾ ਵੀ ਸਮਾਂ ਨਹੀਂ ਹੁੰਦਾ।



### ਦਿਮਾਗ਼ ਅਤੇ ਸਿਹਤ

ਵਿਗਿਆਨਕਾਂ ਨੇ ਇਹ ਪਤਾ ਲਗਾਇਆ ਹੈ ਕਿ ਦਿਮਾਗ਼ ਇੱਕ ਹਾਰਮੋਨ ਪੈਦਾ ਕਰਦਾ ਹੈ ਜਿਸਨੂੰ ਐਂਡੋਰਫ਼ਿਨ ਕਿਹਾ ਜਾਂਦਾ ਹੈ, ਜਿਸ ਕਾਰਨ ਵਿਅਕਤੀ ਖ਼ੁਸ਼ ਰਹਿੰਦਾ ਹੈ। ਇਹ ਹਾਰਮੋਨ ਕੁਦਰਤੀ ਦਰਦ ਨਿਵਾਰਕ ਦੀ ਤਰ੍ਹਾਂ ਵੀ ਕੰਮ ਕਰਦਾ ਹੈ। ਦਿਮਾਗ਼ ਇੱਕ ਹੋਰ ਹਾਰਮੋਨ ਵੀ ਪੈਦਾ ਕਰਦਾ ਹੈ ਜਿਸਨੂੰ ਇੰਟਰਫ਼ਿਰੋਨ ਕਿਹਾ ਜਾਂਦਾ ਹੈ ਜੋ ਇਨਫ਼ੈਕਸ਼ਨ ਨੂੰ ਕਾਬੂ ਕਰਨ ਵਿੱਚ ਮੱਦਦ ਕਰਦਾ ਹੈ। ਇਹ ਦਿਮਾਗ਼ ਦੀ ਇੱਕ ਕੁਦਰਤੀ ਪ੍ਰਣਾਲੀ ਹੈ ਜੋ ਸਾਨੂੰ ਸਿਹਤਮੰਦ ਰੱਖਦੀ ਹੈ। ਸਾਡੀ ਸੋਚ ਅਤੇ ਮਹਿਸੂਸ ਕਰਨ ਦੀ ਸ਼ਕਤੀ ਦੇ ਨਾਲ ਹੀ ਦਿਮਾਗ਼ ਇਨ੍ਹਾਂ ਹਾਰਮੋਨਾਂ ਨੂੰ ਮਨ ਦੀ ਹਾਲਤ ਦੇ ਨਿਰਭਰ ਕਰਦੀ ਹੈ।

### ਸਾਈਕੋ-ਨਿਊਰੋ ਇਮਿਊਨੋਲੋਜੀ

ਮੈਡੀਕਲ ਸਾਇੰਸ (ਵਿਗਿਆਨ) ਨੇ ਸਿੱਧ ਕੀਤਾ ਹੈ ਕਿ ਸਾਡੇ ਜਜ਼ਬਾਤ ਅਤੇ ਸੋਚ ਸਾਡੀ ਸਿਹਤ 'ਤੇ ਬਹੁਤ ਜ਼ਿਆਦਾ ਪ੍ਰਭਾਵ ਪਾਉਂਦੇ ਹਨ। ਇਸ ਸਾਇੰਸ ਨੂੰ ਸਾਈਕੋ-ਨਿਊਰੋ ਇਮਿਊਨੋਲੋਜੀ ਕਹਿੰਦੇ ਹਨ। ਇਸ ਸਾਇੰਸ ਦੀ ਖੋਜ ਵਿੱਚ ਇਹ ਪਾਇਆ ਗਿਆ ਹੈ ਕਿ ਕਿਵੇਂ ਦਿਮਾਗ਼ ਸਾਡੇ ਸਰੀਰ ਦੇ ਹੋਰ ਹਿੱਸਿਆਂ ਨਾਲ ਸੰਪਰਕ ਕਰਨ ਦੇ ਲਈ ਹਾਰਮੋਨ ਪੈਦਾ ਕਰਦਾ ਹੈ ਅਤੇ ਇਸਨੂੰ ਖ਼ੂਨ ਰਾਹ ਸਰੀਰ ਦੇ ਵੱਖ-ਵੱਖ ਹਿੱਸਿਆਂ ਵਿੱਚ ਭੇਜਦਾ ਹੈ।

### ਆਸ਼ਾਵਾਦੀ ਸੋਚ

ਇਹ ਪਹਿਲੇ ਸਮੇਂ ਵਿੱਚ ਵੀ ਅਤੇ ਹੁਣ ਵੀ ਵਾਰ ਵਾਰ ਸਿੱਧ ਹੋਇਆ ਹੈ ਕਿ ਜਿਨ੍ਹਾਂ ਲੋਕਾਂ ਦੀ ਸੋਚ ਆਸ਼ਾਵਾਦੀ ਹੁੰਦੀ ਹੈ, ਉਹ ਆਪਣੀ ਬਿਮਾਰੀ ਤੋਂ ਹੋਰ ਲੋਕਾਂ ਨਾਲੋਂ ਜਲਦੀ ਠੀਕ ਹੋ ਜਾਂਦੇ ਹਨ। ਉਹ ਮੁੱਖ ਅਪ੍ਰੇਸ਼ਨਾਂ ਜਿਵੇਂ ਕਿ ਦਿਲ ਦਾ ਅਪ੍ਰੇਸ਼ਨ ਤੋਂ ਵੀ ਜਲਦੀ ਅਤੇ ਬਿਨਾਂ ਕਿਸੇ ਮੁਸ਼ਕਲ ਤੋਂ ਠੀਕ ਹੋ ਜਾਂਦੇ ਹਨ। ਰੋਜ਼ਾਨਾ ਦੀ ਜ਼ਿੰਦਗੀ ਵਿੱਚ ਵੀ, ਅਸੀਂ ਲੋਕਾਂ ਨੂੰ ਦੇਖਦੇ ਹਾਂ, ਕਿ ਜੋ ਲੋਕ ਆਸ਼ਾਵਾਦੀ ਸੋਚ ਵਾਲੇ ਹਨ, ਉਹ ਆਪਣੀ ਜ਼ਿੰਦਗੀ ਬਹੁਤ ਵਧੀਆ ਤਰੀਕੇ ਨਾਲ ਹੰਢਾਉਂਦੇ ਹਨ। ਸਾਡੀ ਸੋਚ ਬਹੁਤ ਸਾਰੀਆਂ ਗੱਲਾਂ 'ਤੇ ਨਿਰਭਰ ਕਰਦੀ ਹੈ, ਪਰ ਜ਼ਿਆਦਾ ਤੌਰ 'ਤੇ, ਖ਼ੁਸ਼ ਹੋਣਾ ਜਾਂ ਦੁਖੀ ਹੋਣਾ ਸਾਡਾ ਆਪਣਾ ਫ਼ੈਸਲਾ ਹੁੰਦਾ ਹੈ। ਬੁੱਧੀਜੀਵੀ ਇਹ ਮੰਨਦੇ ਹਨ ਕਿ ਸਾਡੀ ਸੋਚ ਦੋ ਗੱਲਾਂ 'ਤੇ ਨਿਰਭਰ ਕਰਦੀ ਹੈ, ਪਹਿਲਾ ਸਾਡੇ ਮਨ ਦੇ ਅੰਦਰਲੇ ਵਿਚਾਰਾਂ ਉੱਤੇ ਅਤੇ ਦੂਸਰਾ ਸਾਡੇ ਵਾਤਾਵਰਨ ਉੱਤੇ (ਅਸੀਂ ਕੀ ਪੜ੍ਹਦੇ ਹਾਂ, ਕੀ ਸੁਣਦੇ ਹਾਂ, ਕੀ ਦੇਖਦੇ ਹਾਂ ਅਤੇ ਅਸੀਂ ਕਿਸ ਸਮਾਜ ਵਿੱਚ ਵਿਚਰਦੇ ਹਾਂ)। ਸਾਨੂੰ



ਆਪਣੇ ਆਲੇ ਦੁਆਲੇ ਆਸ਼ਾਵਾਦੀ ਵਾਤਾਵਰਣ ਬਣਾਉਣਾ ਚਾਹੀਦਾ ਹੈ, ਜਿਸ ਨਾਲ ਅਸੀਂ ਆਸ਼ਾਵਾਦੀ ਸੋਚ ਨਾਲ ਅੱਗੇ ਵਧੀਏ ਅਤੇ ਇੱਕ ਸਿਹਤਮੰਦ ਜੀਵਨ ਬਤੀਤ ਕਰੀਏ।

### ਵਿਸ਼ਵਾਸ/ਭਰੋਸੇ ਦੀ ਤਾਕਤ

ਇੱਕ ਖੋਜ ਇਹ ਵੀ ਕੀਤੀ ਗਈ, ਜਿਸ ਵਿੱਚ 100 ਵਿਅਕਤੀ ਇੱਕ ਹੀ ਬਿਮਾਰੀ ਦੇ ਚੁਣੇ ਗਏ, ਇਨ੍ਹਾਂ ਵਿੱਚੋਂ ਅੱਧਿਆਂ ਨੂੰ ਇੱਕੋ ਜਿਹੀ ਦਵਾਈ ਦਿੱਤੀ ਗਈ ਅਤੇ ਦੂਜੇ ਅੱਧਿਆਂ ਨੂੰ ਬਿਨਾਂ ਦੱਸੇ ਸਿਰਫ਼ ਵਿਟਾਮਿਨ ਦੀ ਦਵਾਈ ਹੀ ਦਿੱਤੀ ਗਈ, ਤਕਰੀਬਨ 35% ਲੋਕ ਜਿਨ੍ਹਾਂ ਨੂੰ ਸਿਰਫ਼ ਵਿਟਾਮਿਨ ਹੀ ਦਿੱਤੇ ਗਏ ਸਨ, ਬਿਮਾਰੀ ਤੋਂ ਠੀਕ ਹੋ ਗਏ। ਇਸਨੂੰ ਮੈਡੀਕਲ ਭਾਸ਼ਾ ਵਿੱਚ 'ਪਲੇਸੀਬੋ ਇਫ਼ੈਕਟ' ਕਿਹਾ ਜਾਂਦਾ ਹੈ। ਵਿਗਿਆਨਕ ਤੌਰ 'ਤੇ 'ਪਲੇਸੀਬੋ ਇਫ਼ੈਕਟ' ਵਿਸ਼ਵਾਸ ਰੱਖਣ ਨਾਲ ਹੁੰਦੇ ਫ਼ਾਇਦੇ ਦਾ ਇੱਕ ਵਧੀਆ ਸਬੂਤ ਹੈ।

### ਰੱਬ 'ਚ ਵਿਸ਼ਵਾਸ ਅਤੇ ਅਧਿਆਤਮਿਕ ਹੋਣਾ

ਉਹ ਲੋਕ ਜੋ ਧਾਰਮਿਕ ਹੁੰਦੇ ਹਨ ਅਤੇ ਰੱਬ ਵਿੱਚ ਵਿਸ਼ਵਾਸ ਰੱਖਦੇ ਹਨ, ਉਹ ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਵਿੱਚ ਜ਼ਿਆਦਾ ਸਮਰੱਥ ਹੁੰਦੇ ਹਨ। ਜ਼ਿੰਦਗੀ ਵਿੱਚ ਮੁਸ਼ਕਲਾਂ ਤੋਂ ਭਾਵ, ਜਿਵੇਂ ਬਿਮਾਰੀ ਜਾਂ ਕਿਸੇ ਮਿੱਤਰ ਪਿਆਰੇ ਦੀ ਮੌਤ। ਜਿਨ੍ਹਾਂ ਗੱਲਾਂ ਨੂੰ ਅਸੀਂ ਬਦਲ ਨਹੀਂ ਸਕਦੇ, ਉਹਨਾਂ ਦੇ ਸੰਬੰਧ ਵਿੱਚ ਪ੍ਰਾਰਥਨਾ ਸਾਡੀ ਸਮਰੱਥਾ ਤੇ ਬਹੁਤ ਸ਼ਕਤੀਸ਼ਾਲੀ ਪ੍ਰਭਾਵ ਪਾਉਂਦੀ ਹੈ।

### ਬਿਮਾਰੀ ਲਈ ਆਪਣੇ ਆਪ ਨੂੰ ਦੋਸ਼ੀ ਨਾ ਸਮਝੋ

ਬਿਮਾਰੀ ਲਈ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰਨ ਨਾਲ ਕੋਈ ਲਾਭ ਨਹੀਂ ਹੁੰਦਾ। ਕੁਝ ਬਿਮਾਰੀਆਂ ਉਦੋਂ ਵੀ ਹੋ ਜਾਂਦੀਆਂ ਹਨ, ਜਦੋਂ ਅਸੀਂ ਇਨ੍ਹਾਂ ਤੋਂ ਬਚਣ ਲਈ ਸਭ ਕੁਝ ਕਰਦੇ ਹਾਂ। ਇਸ ਲਈ ਆਪਣੀਆਂ ਬਿਮਾਰੀਆਂ ਦੇ ਲਈ ਆਪਣੇ ਆਪ ਨੂੰ ਦੋਸ਼ੀ ਨਾ ਸਮਝੋ, ਪਰ ਇਸ ਗੱਲ ਵੱਲ ਆਪਣਾ ਧਿਆਨ ਦਿਓ ਕਿ ਤੁਸੀਂ ਇਸ ਨਾਲ ਨਿਪਟਣ ਲਈ ਕੀ ਕਰ ਸਕਦੇ ਹੋ ?

### ਆਪਣੇ ਜਜ਼ਬਾਤਾਂ ਨੂੰ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਸਾਂਝਾ ਕਰੋ

ਆਪਣੇ ਜਜ਼ਬਾਤਾਂ ਨੂੰ ਸਾਂਝਾ ਕਰਨ ਨਾਲ ਬਿਮਾਰੀ ਦਾ ਦੁੱਖ ਘਟਦਾ ਹੈ। ਕਿਸੇ ਵੀ ਬਿਮਾਰੀ ਪ੍ਰਤੀ ਸ਼ਰਮਿੰਦਗੀ ਮਹਿਸੂਸ ਨਾ ਕਰੋ, ਖ਼ਾਸ ਤੌਰ 'ਤੇ ਮਾਨਸਿਕ ਬਿਮਾਰੀਆਂ ਬਾਰੇ ਜਿਵੇਂ ਕਿ ਡਿਪਰੈਸ਼ਨ, ਜੋ ਕਿ ਕਿਸੇ ਵੀ ਹੋਰ ਮੈਡੀਕਲ ਬਿਮਾਰੀ ਦੀ ਤਰ੍ਹਾਂ ਹੈ ਅਤੇ ਇਸਦਾ ਇਲਾਜ ਵੀ ਹੋ ਸਕਦਾ ਹੈ। ਜੋ ਗੱਲਾਂ ਤੁਹਾਨੂੰ ਚੰਗੀਆਂ ਲੱਗਦੀਆਂ ਹਨ, ਉਹਨਾਂ ਨੂੰ ਮਾਣੋ: ਬਿਮਾਰੀ ਜੀਵਨ ਦਾ ਅੰਤ ਨਹੀਂ ਹੈ। ਜੋ ਕੰਮ ਤੁਹਾਨੂੰ ਚੰਗੇ ਲੱਗਦੇ ਹਨ, ਉਨ੍ਹਾਂ ਕੰਮਾਂ ਨੂੰ ਕਰਨ ਵਿੱਚ ਆਪਣੇ ਆਪ ਨੂੰ ਵਿਅਸਤ ਰੱਖੋ। ਸੈਰ ਕਰਨਾ, ਪੜ੍ਹਨਾ, ਬਾਗ਼-ਬਗ਼ੀਚੇ ਵਿੱਚ ਕੰਮ ਕਰਨਾ ਤੁਹਾਡੇ ਦਿਮਾਗ਼ ਨੂੰ ਹੋਰ ਵੀ ਜ਼ਿਆਦਾ ਆਸ਼ਾਵਾਦੀ ਬਣਾਉਣ ਵਿੱਚ ਮੱਦਦਗਾਰ ਹੁੰਦਾ ਹੈ।

# ਕਾਰਗਰ ਨੁਸਖ਼ਿਆਂ ਨਾਲ ਨਿਖਾਰੋ ਸੁੰਦਰਤਾ




- ਇਕ ਪੱਕੇ ਹੋਏ ਟਮਾਟਰ ਦੇ ਰਸ ਵਿਚ ਅੱਧਾ ਨਿੰਬੂ ਦਾ ਰਸ ਮਿਲਾ ਲਓ। ਫਿਰ ਇਸ ਮਿਸ਼ਰਨ ਨੂੰ ਚਿਹਰੇ 'ਤੇ ਲਗਾ ਕੇ ਇਕ ਘੰਟੇ ਬਾਅਦ ਧੋ ਲਓ। ਇਸ ਦੇ ਲਗਾਤਾਰ ਵਰਤੋਂ ਨਾਲ ਚਿਹਰੇ 'ਤੇ ਨਿਖਾਰ ਆਉਂਦਾ ਹੈ।
- ਇਕ ਚਮਚ ਸ਼ਹਿਦ ਵਿਚ ਥੋੜ੍ਹਾ ਜਿਹਾ ਨਿੰਬੂ ਦਾ ਰਸ ਮਿਲਾ ਲਓ। ਫਿਰ ਇਸ ਨਾਲ ਚਿਹਰੇ 'ਤੇ ਥੋੜ੍ਹੀ ਦੇਰ ਮਾਲਿਸ਼ ਕਰੋ। ਇਸ ਤਰ੍ਹਾਂ ਕਰਨ ਨਾਲ ਝੁਰੜੀਆਂ ਨਹੀਂ ਪੈਂਦੀਆਂ ਅਤੇ ਚਮੜੀ ਵਿਚ ਨਵਾਂ ਨਿਖਾਰ ਆ ਜਾਂਦਾ ਹੈ।
- ਤਾਜ਼ੇ ਦਹੀਂ ਵਿਚ ਨਿੰਬੂ ਦਾ ਰਸ ਅਤੇ ਮੁਲਤਾਨੀ ਮਿੱਟੀ ਮਿਲਾਓ। ਇਸ ਨਾਲ ਖ਼ੁਸ਼ਕ ਚਮੜੀ ਸੁੰਦਰ ਅਤੇ ਮੁਲਾਇਮ ਬਣਦੀ ਹੈ।
- ਇਕ ਚਮਚ ਕੱਚੇ ਦੁੱਧ ਵਿਚ ਥੋੜ੍ਹਾ ਜਿਹਾ ਨਿੰਬੂ ਦਾ ਰਸ ਮਿਲਾ ਕੇ ਲਗਾਉਣ ਨਾਲ ਚਿਹਰੇ ਦੀ ਸੁੰਦਰਤਾ ਵਧਦੀ ਹੈ ਅਤੇ ਚਿਹਰੇ ਦਾ ਰੰਗ ਵੀ ਨਿੱਖਰਦਾ ਹੈ।
- ਚਿਹਰੇ ਦੀ ਦੇਖਭਾਲ ਤੋਂ ਬਾਅਦ ਹੁਣ ਹੱਥਾਂ ਅਤੇ ਪੈਰਾਂ ਦੀ ਦੇਖਭਾਲ ਦੀ ਵਾਰੀ ਆਉਂਦੀ ਹੈ। ਹੁਣ ਅਸੀਂ ਹੱਥਾਂ ਅਤੇ ਪੈਰਾਂ ਦੀ ਸੁੰਦਰਤਾ ਵਧਾਉਣ ਵਾਲੇ ਨੁਸਖੇ ਦੱਸ ਰਹੇ ਹਾਂ।
- ਪਾਣੀ ਵਿਚ ਨਿੰਬੂ ਦੇ ਰਸ ਦੀਆਂ ਬੂੰਦਾਂ ਪਾ ਕੇ ਦਿਨ ਵਿਚ ਦੋ ਤੋਂ ਚਾਰ ਵਾਰ ਹੱਥਾਂ ਅਤੇ ਪੈਰਾਂ ਨੂੰ ਧੋਣ ਨਾਲ ਦਾਗ-ਧੱਬੇ ਦੂਰ ਹੋ ਜਾਂਦੇ ਹਨ।
- ਇਕ ਨਿੰਬੂ ਜਾਂ ਆਲੂ ਦਾ ਟੁਕੜਾ ਲੈ ਕੇ ਕੂਹਣੀ ਅਤੇ ਗੋਡਿਆਂ 'ਤੇ ਰਗੜੋ। ਚੰਗੀ ਤਰ੍ਹਾਂ ਰਗੜਨ ਤੋਂ ਬਾਅਦ ਪਾਣੀ ਨਾਲ ਧੋ ਦਿਓ। ਇਸ ਨਾਲ ਉਥੇ ਦੀ ਚਮੜੀ ਸਾਫ਼ ਹੋ ਜਾਵੇਗੀ।
- ਟਮਾਟਰ ਦੇ ਰਸ ਵਿਚ ਸ਼ਹਿਦ ਮਿਲਾ ਕੇ ਹੱਥਾਂ ਅਤੇ ਪੈਰਾਂ ਵਿਚ ਲਗਾਓ। ਇਸ ਨਾਲ ਚਮੜੀ ਮੁਲਾਇਮ ਬਣਦੀ ਹੈ।
- ਨਹੁੰਆਂ ਵਿਚ ਨਵੀਂ ਚਮਕ ਲਿਆਉਣ ਲਈ ਨਹੁੰਆਂ 'ਤੇ ਨਿੰਬੂ ਦਾ ਟੁਕੜਾ ਮਲਣਾ ਚਾਹੀਦਾ ਹੈ।
- ਚਿਹਰੇ, ਹੱਥਾਂ ਅਤੇ ਪੈਰਾਂ ਦੀ ਦੇਖਭਾਲ ਤੋਂ ਬਾਅਦ ਵਾਲਾਂ ਦੀ ਵਾਰੀ ਆਉਂਦੀ ਹੈ। ਖ਼ੂਬਸੂਰਤ ਵਾਲਾਂ ਦੇ ਬਿਨਾਂ ਨਾਰੀ ਦੀ ਸੁੰਦਰਤਾ ਅਧੂਰੀ ਹੀ ਲਗਦੀ ਹੈ।
- ਵਾਲਾਂ ਨੂੰ ਸੰਘਣਾ ਅਤੇ ਲੰਮਾ ਬਮਾਉਣ ਲਈ ਜੈਤੂਨ ਦਾ ਤੇਲ ਕੋਸਾ ਗਰਮ ਕਰਕੇ ਵਾਲਾਂ ਦੀਆਂ ਜੜ੍ਹਾਂ ਵਿਚ ਲਗਾਓ ਅਤੇ ਮਾਲਿਸ਼ ਕਰੋ।



# ਸਿਹਤਮੰਦ ਡਰਿੰਕਸ ਔਰਤਾਂ ਘਰ 'ਚ ਹੀ ਤਿਆਰ ਕਰਨ



ਬਦਲਦੇ ਜਮਾਨੇ ਨਾਲ ਲੋਕ ਵੀ ਬਦਲ ਰਹੇ ਪਹਿਲਾਂ ਕੋਲਡਰਿੰਕਸ ਸਿਰਫ਼ ਗਰਮੀਆਂ 'ਚ ਹੀ ਵਰਤੇ ਜਾਂਦੇ ਸਨ ਪਰ ਅੱਜਕਲ੍ਹ ਤਾਂ ਸਾਰਾ ਸਾਲ ਹੀ ਲੋਕ ਕੋਲਡ ਡਰਿੰਕਸ ਦੀ ਵਰਤੋਂ ਕਰਦੇ ਰਹਿੰਦੇ ਹਨ। ਖ਼ਾਸ ਤੌਰ 'ਤੇ ਵਿਆਹ ਸਮਾਗਮਾਂ 'ਤੇ ਬਹੁਤ ਜ਼ਿਆਦਾ ਕੋਲਡ ਡਰਿੰਕਸ ਦੀ ਵਰਤੋਂ ਕੀਤੀ ਜਾਂਦੀ ਹੈ। ਹੁਣ ਜਦੋਂ ਗਰਮੀ ਦਾ ਮੌਸਮ ਹਾਲੇ ਚੱਲ ਰਿਹਾਹੈਤਾਂ ਲੋਕ ਬਹੁਤ ਜ਼ਿਆਦਾ ਕੋਲਡ ਡਰਿੰਕਸ ਦੀ ਵਰਤੋਂ ਕਰਦੇ ਹਨ। ਸੁਆਣੀਆਂ ਨੂੰ ਚਾਹੀਦਾ ਹੈ ਕਿ ਉਹ ਇਸ ਵਾਰ ਘਰ 'ਚ ਕੁਝ ਪੀਣ ਵਾਲੇ ਪਦਾਰਥ ਤਿਆਰ ਕਰਕੇ ਰੱਖਣ। ਖ਼ਾਸ ਤੌਰ 'ਤੇ ਬੱਚਿਆਂ ਨੂੰ ਬਾਜ਼ਾਰੂ ਕੋਲਡ ਡਰਿੰਕਸ ਤੋਂ ਦੂਰ ਤਾਂ ਹੀ ਰੱਖਿਆ ਜਾ ਸਕਦਾ ਹੈ ਜੇਕਰ ਘਰੇਲੂ ਔਰਤਾਂ ਘਰ ਵਿਚ 'ਅੰਬ ਪਨਾ' ਜਾਂ ਤਾਜ਼ੇ ਨਿੰਬੂਆਂ ਦਾ ਸ਼ਰਬਤ, ਦਹੀਂ ਦੀ ਲੱਸੀ, ਜੌਂਆਂ ਦੇ ਸੱਤੂ ਆਦਿ ਜਾਂ ਅੱਜਕਲ੍ਹ ਤਾਜ਼ੇ ਫਲਾਂ ਦਾ ਜੂਸ ਕੱਢ ਕੇ ਉਸ ਤੋਂ ਸ਼ਰਬਤ ਤਿਆਰ ਕਰਕੇ ਰੱਖਿਆ ਜਾ ਸਕਦਾ ਹੈ, ਜਿਸ ਨੂੰ ਆਪਣੇ ਬੱਚਿਆਂ ਨੂੰ ਅਤੇ ਘਰ ਆਏ ਮਹਿਮਾਨਾਂ ਨੂੰ ਬੜੀ ਅਸਾਨੀ ਨਾਲ ਦਿੱਤਾ ਜਾ ਸਕਦਾ ਹੈ। ਸਿਰਫ਼ ਘਰ 'ਚ ਪੀਣ ਵਾਲੇ ਪਦਾਰਥ ਤਿਆਰ ਕਰਨਾ ਹੀ ਕਾਫ਼ੀ ਨਹੀਂ ਸਗੋਂ ਉਨ੍ਹਾਂ ਨੂੰ ਦੇਣ ਵਿਚ ਵੀ ਖ਼ਾਸ ਟ੍ਰਿਕਸ ਵੱਖਰੇ ਤੋਂ ਵੱਖਰੇ ਢੰਗ ਗ੍ਰਹਿਣੀਆਂ ਨੂੰ ਵਰਤਣੇ ਚਾਹੀਦੇ ਹਨ ਤਾਂ ਕਿ ਬੱਚਿਆਂ ਦਾ ਧਿਆਨ ਬਾਜ਼ਾਰੂ ਕੋਲਡ ਡਰਿੰਕਸ ਤੋਂ ਹਟਾਇਆ ਜਾ ਸਕੇ। ਪੀਣ ਵਾਲੇ ਪਦਾਰਥਾਂ ਨੂੰ ਸਰਵ ਕਰਨ ਲਈ ਵਧੀਆ ਡਿਜ਼ਾਈਨ ਵਾਲੇ ਗਿਲਾਸ ਜਾਂ ਪਿਆਲੇ ਡਿਜ਼ਾਈਨ ਵਾਲੀ ਟ੍ਰੇ ਬਾਜ਼ਾਰ ਵਿਚ ਵੀ ਕੁਝ ਪਾਈਪਸ ਜਾਂ ਹੋਰ ਸਜਾਵਟੀ ਪਦਾਰਥ ਮਿਲ ਜਾਂਦੇ ਹਨ ਜੋ ਕਿ ਬਹੁਤੇ ਮਹਿੰਗੇ ਵੀ ਨਹੀਂ ਹੁੰਦੇ। ਉਨ੍ਹਾਂ ਦੀ ਵਰਤੋਂ ਕਰਕੇ ਆਪਣੇ ਘਰ 'ਚ ਤਿਆਰ ਕੀਤੇ ਪੀਣ ਵਾਲੇ ਪਦਾਰਥਾਂ ਨੂੰ ਬਹੁਤ ਆਕਰਸ਼ਿਤ ਬਣਾਇਆ ਜਾ ਸਕਦਾ ਹੈ। ਇਸ ਨਾਲ ਨਾ ਸਿਰਫ਼ ਪੈਸੇ ਦੀ ਬੱਚਤ ਹੋਵੇਗੀ ਸਗੋਂ ਸਭ ਤੋਂ ਅਹਿਮ ਕਿ ਸਿਹਤ ਲਈ ਇਹ ਬਹੁਤ ਲਾਹੇਵੰਦ ਹੋਣਗੇ।




### ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ
604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

2372 ਐਸਾ ਝੂਠ ਤੇ ਸੱਚ ਦਾ ਕੋਟ ਕੀਤਾ, ਗੁੱਸਾ ਸਭ ਸਰਕਾਰ ਦਾ ਲਾਹ ਦਿੱਤਾ।
ਆਪ ਧਰਮੀ ਬਣ ਕੇ ਬੈਠ ਗਿਆ, ਦੋਸ਼ ਹਰੀ ਸਿੰਘ ਤੇ ਲਾ ਦਿੱਤਾ।
ਰਣਜੀਤ ਸਿੰਘ ਜੋ ਭਖਿਆ ਭੱਠ ਵਾਂਗੂੰ, ਸੀਤ ਕਰਕੇ, ਸ਼ੇਰ ਬਹਾ ਦਿੱਤਾ।
ਹਰਚੰਦ ਸਿੰਘਾ ਸਰਕਾਰ ਨੇ ਸਿਰ ਫੜਿਆ, ਕੀ ਕਰੇ ਸੋਚੀਂ ਪਾ ਦਿੱਤਾ॥
2373 ਬੇਈਮਾਨ, ਸ਼ੈਤਾਨ ਜੋ ਚੁਸਤ ਲੋਕੀ, ਸੱਪ, ਰੱਸੀਆਂ ਤਾਈਂ ਬਣਾ ਦੇਂਦੇ।
ਦੇਸ਼ ਕੌਮ ਦੇ ਸੱਚੇ ਸੇਵਕਾਂ ਤੇ, ਬਿੱਲਾ ਗੱਦਾਰੀ ਦਾ ਉਹ ਲੁਆ ਦੇਂਦੇ।
ਉਹ ਰਾਤ ਨੂੰ ਸੂਰਜ ਚਾੜ੍ਹ ਦੇਂਦੇ, ਅਤੇ ਤਾਰੇ ਦਿਨੇ ਦਿਖਾ ਦੇਂਦੇ।
ਹਰਚੰਦ ਸਿੰਘਾ ਚੱਲੇ ਜੁਬਾਨ ਜਿਸਦੀ ਉਹ ਅਰਸ਼ ਨੂੰ ਟਾਕੀਆਂ ਲਾ ਦੇਂਦੇ॥

## ਸ਼ੇਰੇ ਪੰਜਾਬ ਨੇ ਭਾਰੀ ਲਸ਼ਕਰ ਲੈ ਕੇ ਜਮਰੌਦ ਵੱਲ ਜਾਣਾ

2374 ਜੋੜ ਲਛਕਰੀਂ ਸ਼ੇਰਿ ਪੰਜਾਬ ਚੜ੍ਹਿਆ, ਨਾਲ ਤੇਜ਼ੀ ਦੇ ਸਫਰ ਮੁਕਾਇਆ ਏ।
ਸੇਹਤ ਸਰਕਾਰ ਦੀ ਨਹੀਂ ਸੀ ਵੱਲ ਭਾਵੇਂ ਪਰ ਸੂਰਮੇ ਸਿਦਕ ਨਿਭਾਇਆ ਏ।
ਐਸੀ ਵਾਹੀ ਤੇਗ ਜਾ ਖਾਲਸੇ ਨੇ, ਹੱਥ ਵੈਰੀਆਂ ਕੰਨਾਂ ਨੂੰ ਲਾਇਆ ਏ।
ਹਰਚੰਦ ਸਿੰਘਾ ਮੁੜ ਨਾ ਗਾਜ਼ੀਆਂ ਨੇ, ਖੈਬਰ ਵੱਲ ਨੂੰ ਪੈਰ ਵਧਾਇਆ ਏ॥
2375 ਲਾ ਲਾ ਚੁਗਲੀਆਂ ਡੋਗਰੇ ਚੁਗਲਾਂ ਨੇ, ਸ਼ੇਰੇ ਪੰਜਾਬ ਦੀ ਮਾਰੀ ਮੱਤ ਲੋਕੋ।
ਤੁਪਕਾ ਤੁਪਕਾ ਖਾਲਸਾ ਰਾਜ ਲਈ, ਜਿਸ ਵਹਾਈ ਆਪਣੀ ਰੱਤ ਲੋਕੋ।
ਗੁਜਰਾਂ ਵਾਲੇ ਜਗੀਰ ਜੋ ਨਲੂਏ ਦੀ, ਕਰਾਈ ਸਰਕਾਰ ਤੋਂ ਉਨ੍ਹਾਂ ਜਬਤ ਲੋਕੋ।
ਹਰਚੰਦ ਸਿੰਘਾ ਇਨ੍ਹਾਂ ਕਪੱਤਿਆਂ ਨੇ, ਰੋਲ਼ੀ ਹਰੀ ਸਿੰਘ ਦੀ ਪੱਤ ਲੋਕੋ॥
2376 ਇਹ ਫੈਸਲਾ ਜਦ ਸਰਕਾਰ ਕੀਤਾ, ਲੋਕੀ ਸੁਣ ਕੇ ਰਹਿਗੇ ਦੰਗ ਭਾਈ।
ਸਾਰੀ ਉਮਰ ਜਿਸਨੇ ਦਾਨ ਕੀਤੇ, ਅੱਜ ਬਦਲੇ ਉਸ ਨੇ ਢੰਗ ਭਾਈ।
ਸਿਲਾ ਦਿੱਤਾ ਸਰਕਾਰ ਕੁਰਬਾਨੀਆਂ ਦਾ, ਸੁਣ ਸਰਦਾਰਾਂ ਦੇ ਉਡਗੇ ਰੰਗ ਭਾਈ।
ਹਰਚੰਦ ਸਿੰਘਾ ਸੋਚਦੇ ਬੈਠ ਸਾਰੇ, ਕਿਸ ਰੰਗ 'ਚ ਪਾਈ ਭੰਗ ਭਾਈ॥

## ਸ਼ੇਰਿ ਪੰਜਾਬ ਦਾ ਅਖੀਰਲੇ ਦਿਨ ਤੇ ਅਕਾਲ ਚਲਾਣਾ

2377 ਹਰੀ ਸਿੰਘ ਸਰਦਾਰ ਦੇ ਜਾਣ ਮਗਰੋਂ, ਸ਼ੇਰਿ ਪੰਜਾਬ ਸੀ ਬੜਾ ਨਢਾਲ ਹੋਇਆ।
ਹਰ ਸਮੇਂ ਸੋਚਾਂ ਦੇ ਵਿਚ ਡੁੱਬਾ, ਸੱਚ-ਝੂਠ ਨਾ ਉਸ ਤੋਂ ਨਾ ਉਸ ਤੋਂ ਭਾਲ ਹੋਇਆ।
ਬਿਨਾਂ ਹੱਥਾਂ ਤੋਂ ਜਿਵੇਂ ਇਨਸਾਨ ਕੋਈ ਇਹੋ ਜਿਹਾ ਸਰਕਾਰ ਦਾ ਹਾਲ ਹੋਇਆ।
ਹਰਚੰਦ ਸਿੰਘਾ ਅੰਦਰੋਂ ਖਰਨ ਲੱਗਾ, ਅੰਤ ਬਿਮਾਰ ਉਹ ਲਕਵੇ ਨਾਲ ਹੋਇਆ॥
2378 ਫੱਟੜ ਕੀਤਾ ਸ਼ੇਰ ਅਧਰੰਗ ਨੇ ਸੀ, ਕੁਝ ਉਸਨੂੰ ਆਦਤ ਖਰਾਬ ਖਾ ਗਈ।
ਕੁਝ ਅੰਗਰੇਜ਼ੀ-ਦੇਸੀ ਦਵਾਈਆਂ ਨੇ, ਕੁਝ ਉਸਨੂੰ ਫੀਮ-ਸ਼ਰਾਬ ਖਾ ਗਈ।
ਕੁਝ ਖਾਧਾ ਉਹ ਨਜੂਮੀਆਂ ਨੇ, ਚਿੰਤਾ-ਦੁਬਿਦਾ ਬੇ-ਹਿਸਾਬ ਖਾ ਗਈ।
ਹਰਚੰਦ ਸਿੰਘਾਂ ਵੈਰਨ ਜਿੰਦਗੀ ਦੀ, ਮੌਤ ਰਾਜੇ-ਰਾਣੇ ਨਵਾਬ ਖਾ ਗਈ॥
2379 ਮਈ ਮਹੀਨੇ ਪਾਲਕੀ ਵਿਚ ਆਕੇ, ਸ਼ੇਰਿਪੰਜਾਬ ਦਰਬਾਰ ਲਗਾਂਵਦਾ ਏ।
ਖੜਗ ਸਿੰਘ ਨੂੰ ਆਪਣੀ ਥਾਂ ਉਤੇ, ਮਹਾਰਾਜਾ ਉਹ ਬਣਾਵਦਾ ਏ।
ਧਿਆਨ ਸਿੰਘ ਨੂੰ ਬਣਾ ਵਜ਼ੀਰ ਉਸਦਾ, ਹੱਥ ਉਸਦੇ ਹੱਥ ਫੜਾਂਵਦਾਏ।
ਹਰਚੰਦ ਸਿੰਘਾ ਧੀਮੀ ਆਵਾਜ ਵਿਚ, ਬਫ਼ਾਦਾਰੀ ਦੀ ਸਹੁੰ ਚੁਕਾਂਵਦਾਏ॥
2380 ਅਠਾਰਾਂ ਸੌ ਉਨਤਾਲੀ ਈਸਵੀ ਨੂੰ ਸਤਾਈ ਜੂਨ ਦਾ ਦਿਨ ਸੀ ਆ ਗਿਆ।
ਪੀੜਾਂ ਮਾਰੀ ਰੋਗਣ ਜਿੰਦਗੀ 'ਚੋਂ ਲੰਬੀ ਭੌਰ ਉਡਾਰੀ ਲਾ ਗਿਆ।
ਉਨਾਹਟ ਸਾਲ ਦੀ ਭੋਗ ਕੇ ਉਮਰ ਯੋਧਾ, ਚੰਗਾ ਰੱਜ ਕੇ ਰਾਜ ਚਲਾ ਗਿਆ।
ਹਰਚੰਦ ਸਿੰਘਾ ਰਣਜੀਤ ਨਿਰਪੱਖ ਹੋ ਕੇ, ਵਿਚ ਦੁਨੀਆਂ ਨਾਮ ਕਮਾ ਗਿਆ॥
2381 ਚਾਲੀ ਸਾਲ ਰਣਜੀਤ ਨੇ ਰਾਜ ਕੀਤਾ, ਹਰ ਪਾਸਿਓਂ ਨਾਮਣਾ ਖੱਟਿਆ ਜੀ।
ਦੇਸ ਕੌਮ ਦੀ ਨੀਤੀ ਸਰਕਾਰ ਰਾਖੀ, ਹਰ ਮਹਾਜ਼ ਤੇ ਸੂਰਮਾ ਡੱਟਿਆ ਜੀ।
ਉਚਾ ਉਠ ਕੇ ਜ਼ਾਤਾਂ-ਧਰਮਾਂ ਤੋਂ, ਨੇਕ ਕਾਜ ਤੋਂ ਪਿਛੇ ਨਾ ਹੱਟਿਆ ਜੀ।
ਹਰਚੰਦ ਸਿੰਘਾ ਸਿਰੜੀ ਸੂਰਮੇ ਨੇ, ਨਾਲ ਸਿਦਕ ਦੇ ਯੁੱਗ ਪਲੱਟਿਆ ਜੀ॥
2382 ਮਾਫ਼ ਕਰੇ ਵਗਾਵਤਾਂ ਕਰਨ ਵਾਲੇ, ਕੋਈ ਫੜ ਕੇ ਫਾਂਸੀ ਚਾੜ੍ਹਿਆ ਨਾ।
ਨੀਹਾਂ ਵਿਚ ਨਾ ਚਿਣਿਆਂ ਬਾਲ ਕੋਈ ਤੱਤੀ ਤਵੀ ਤੇ ਕਿਸੇ ਨੂੰ ਸਾੜਿਆ ਨਾ।
ਨਾ ਆਰਾ ਕਿਸੇ ਦੇ ਸਿਰ ਧਰਿਆ, ਕੋਈ ਵਸਦਾ ਘਰ ਉਜਾੜਿਆ ਨਾ।
ਕਿਸੇ ਉਤੇ ਨਾ ਠੋਸਿਆ ਧਰਮ ਅਪਣਾ, ਹਰਚੰਦ ਸਿੰਘਾ ਮਜ਼ਲੂਮ ਲਤਾੜਿਆ ਨਾ॥
2383 'ਰਾਜ ਕਰੇਗਾ ਖਾਲਸਾ' ਗੁਰਾਂ ਕਿਹਾ, ਰਣਜੀਤ ਸਿੰਘ ਨੇ ਕਰ ਵਿਖਾਇਆ ਏ।
ਅਦਰਸ ਰਾਜ ਜਿਸ ਨੂੰ ਕਹਿਣ ਲੋਕੀ, ਉਹ ਇਤਿਹਾਸ ਦੇ ਵਿਚ ਲਿਖਾਇਆ ਏ।
ਕੀ ਸਿੱਖੀ ਤੇ ਕੀ ਅਸੂਲ ਇਸਦੇ, ਜਿਸ ਪੜ੍ਹਿਆ ਉਸ ਸਲ੍ਹਾਇਆ ਏ।
ਇਹੋ ਜਿਹਾ ਰਾਜ ਹਰਚੰਦ ਸਿੰਘਾ, ਅੱਗੋਂ ਸਾਨੂੰ ਨਜ਼ਰ ਨਾ ਆਇਆ ਏ॥
2384 ਕਦੋਂ, ਕਿਵੇਂ, ਕਿਸ ਨੇ ਸ਼ੁਰੂ ਕੀਤਾ, ਕਿਸਾ ਲਿਖਿਆ ਖੋਲ੍ਹ ਅਜ਼ਾਦੀ ਦਾ।
ਪਹਿਲੀ ਅਜਾਦੀ ਮੁਗਲ ਤੋਂ ਕਿਵੇਂ ਲਈ, ਲੰਬਾ ਕਰਕੇ ਘੋਲ ਅਜ਼ਾਦੀ ਦਾ।
ਕਿਹੜੇ ਸੂਰਮੇ ਵਿਚ ਮੈਦਾਨ ਆਏ, ਇਤਿਹਾਸ ਪੜਿਆ ਫੋਲ ਅਜ਼ਾਦੀ ਦਾ।
ਹਰਚੰਦ ਸਿੰਘਾ ਹਿੰਦ ਦੇ ਰਾਖਿਆਂ ਨੇ ਲਿਆ ਰਸਤਾ ਟੋਲ੍ਹ ਅਜ਼ਾਦੀ ਦਾ॥
2385 ਕੀ ਕੀ ਕੀਤਾ ਸਾਡੇ ਵਡੇਰਿਆਂ ਨੇ, ਅਸੀਂ ਉਸ ਨੂੰ ਭਾਈ ਭੁਲਾ ਦਿੱਤਾ।
ਕੁਝ ਸਮੇਂ ਤੇ ਕੁਝ ਸ਼ਰਾਰਤੀਆਂ, ਸਾਡਾ ਵਿਰਸਾ ਧੂਲ ਰਲਾ ਦਿੱਤਾ।
ਗਰਦ ਝਾੜ ਕੇ ਅਸਲ ਵਿਖਾਵਣੇ ਦਾ, ਸਮਾਂ ਸਤਿਗੁਰ ਆਪ ਮਿਲਾ ਦਿੱਤਾ।
ਹਰਚੰਦ ਸਿੰਘਾ ਕਾਵਿ ਦਾ ਰੂਪ ਦੇ ਕੇ, ਸਾਡੀ ਕਲਮ ਨੇ ਚਮਕਣ ਲਾ ਦਿੱਤਾ॥
2386 ਕਿਰਤ ਕਰਦਿਆਂ ਵਿਚ ਕੈਨੇਡਾ ਦੇ, ਜਦ ਉਮਰ ਦਾ ਸੱਠਵਾਂ ਸਾਲ ਆਇਆ।
ਦੋ ਹਜਾਰ ਦਾ ਪੰਜਵਾਂ ਸਾਲ ਚੜ੍ਹਿਆ, ਬੀਵੀ-ਬੱਚਿਆਂ ਮਨ ਖਿਆਲ ਆਇਆ।
ਬਹੁਤ ਕਰ ਲਿਆ ਸੇਵਾ ਮੁਕਤ ਹੋਵੋ, ਅਰਾਮ ਕਰਨ ਦਾ ਘਰ ਸਵਾਲ ਆਇਆ।
ਹਰਚੰਦ ਸਿੰਘਾ ਅਸੀਂ ਪਰਵਾਨ ਕੀਤਾ, ਕੰਮ ਕੰਪਨੀ ਤਾਈਂ ਸੰਭਾਲ ਆਇਆ॥
2387 ਪਰਮਿੰਦਰ ਕੌਰ ਹੈ ਪਤਨੀ ਨੇਕ ਮੇਰੀ, ਉਨ੍ਹਾਂ ਮੈਨੂੰ ਨੇਕ ਸਲ੍ਹਾ ਦਿੱਤੀ।
ਕਹਾਣੀ, ਕਵਿਤਾ ਬੜੀ ਹੈ ਰਚ ਲਈ, ਅਸਲ ਕਿਰਤ ਜੋ ਉਹੋ ਭੁਲਾ ਦਿੱਤਾ।
ਬੜੇ ਚਿਰ ਤੋਂ ਕਿਸੇ ਨਾ ਜੋ ਬਾਲੀ, ਜੋਤ ਉਸਨੇ ਸਹਿਜ ਜਲਾ ਦਿੱਤੀ।
ਹਰਚੰਦ ਸਿੰਘਾ ਫੜਕੇ ਕਲਮ ਮੇਰੀ, ਸੂਰਬੀਰਾਂ ਦੇ ਚਰਨੀ ਲਾ ਦਿੱਤੀ॥
2388 ਸੋਲਾਂ ਸੌ ਪਝੰਤਰ ਈਸਵੀ ਤੋਂ, ਸ਼ੁਰੂ ਕੀਤਾ ਸਿੱਖ ਇਤਿਹਾਸ ਬੇਲੀ।
ਅਠਾਰਾਂ ਸੌ ਉਨਤਾਲੀ ਤੱਕ ਸਾਰੀ, ਦਰਜ ਕੀਤੀ ਗੱਲ ਜੋ ਖਾਸ ਬੇਲੀ।
ਪ੍ਰਵਾਨ ਕਰੋਗੇ ਤੁਸੀਂ ਇਹ ਕਿਰਤ ਮੇਰੀ, ਸਾਨੂੰ ਆਪ ਤੇ ਬੜੀ ਹੈ ਆਸ ਬੇਲੀ।
ਦਿਆਲੂ ਪਾਠਕ ਤੇਰੇ ਹਰਚੰਦ ਸਿੰਘਾ, ਨਹੀਂ ਕਰਨਗੇ ਤੈਨੂੰ ਨਿਰਾਸ ਬੇਲੀ॥
2389 ਪੁਸਤਕ ਜਿੰਨਾਂ ਹਜ਼ਮ ਕਰ ਸਕੇ, ਉਨ੍ਹਾਂ ਇਸ ਦੇ ਪੇਟੇ ਪਾਇਆ ਏ।
ਕਿਨ੍ਹਾਂ ਕੱਢ ਗੁਲਾਮੀ ਦੇ ਸਾਗਰਾਂ 'ਚੋਂ, ਕੰਢੇ ਸਾਨੂੰ ਆਜਾਦੀ ਦੇ ਲਾਇਆ ਏ।
ਕਿਨੇ ਬੇੜੇ ਕਿਨੇ ਮਲਾਹ ਹੋਏ, ਵਿਚ ਸੰਖੇਪ ਦੇ ਲਿਖ ਵਿਖਾਇਆ ਏ।
ਹਰਚੰਦ ਸਿੰਘਾ ਇਤਿਹਾਸ ਜੋ ਭੁੱਲ ਚੁੱਕੇ, ਅਸਾਂ ਮੁੜ ਤੋਂ ਚੇਤੇ ਕਰਾਇਆ ਏ॥

## ਕਵੀ ਦਾ ਜੀਵਨ

2390 ਸੰਨ ਉਨੀ ਸੌ ਪੰਤਾਲੀ ਈਸਵੀ ਨੂੰ, ਜਨਮ ਲਿਆ ਅਸੀਂ ਸੀ ਧਾਰ ਬੇਲੀ।
20 ਅਗਸਤ ਭਾਦਰੋਂ ਤਪਦੀ ਸੀ, ਕੰਮੀ ਰੁਝਿਆ ਸਭ ਪਰਿਵਾਰ ਬੇਲੀ।
ਲਾਲ ਸਿੰਘ ਪਿਤਾ ਬਿਸ਼ਨ ਕੌਰ ਮਾਤਾ, ਖੇਤੀ-ਬਾੜੀ ਦਾ ਕਾਰੋਬਾਰ ਬੇਲੀ।
ਹਰਚੰਦ ਸਿੰਘਾ ਨਾਮ ਸੀ 'ਚੰਦ' ਧਰਿਆਂ, ਕਰ ਸਭ ਨੇ ਮਨ ਵਿਚਾਰ ਬੇਲੀ॥
2391 ਪਿੰਡ ਫਰਵਾਹੀ ਬਾਗੜੀ ਗੋਤ ਵਸੇ, ਜਿਲ੍ਹਾ ਪੰਜਾਬ ਦਾ ਹੈ ਸੰਗਰੂਰ ਭਾਈ।
ਮਾਲੇਰ ਕੋਟਲਾ, ਧੂਰੀ ਤੇ ਬਰਨਾਲਾ, ਸ਼ਹਿਰ ਸਾਰੇ ਹਾਂ ਪਿੰਡ ਤੋਂ ਦੂਰ ਭਾਈ।
ਬਾਬਾ ਗੁਰਮੁਖ ਸਿੰਘ ਜੀ ਨਾਮਧਾਰੀ, ਇਸੇ ਪਿੰਡ ਦੇ ਹੋਏ ਮਸਹੂਰ ਭਾਈ।
ਮਲੇਰ ਕੋਟਲੇ ਹੋ ਸਹੀਦ ਗਿਆ, ਗੁਲਾਮੀ ਕਰੀ ਨਾ ਉਸ ਮਨਜੂਰ ਭਾਈ॥
2392 ਮਿਡਲ ਸਕੂਲ ਚੂਘਾਂ ਜਦ ਪੜ੍ਹਦਾ ਸੀ, ਮਾੜਾ ਸਮਾ ਰੱਬ ਵਿਖਾ ਦਿੱਤਾ।
ਛੋਟੀ ਉਮਰੇ ਮਾਤਾ ਜੀ ਚਲ ਵਸੇ, ਘਾਊ ਨਿਕੇ ਦਿਲ ਨੂੰ ਲਾ ਦਿੱਤਾ।
ਮਲੇਰ ਕੋਟਲੇ ਕਾਲਜ ਜਦ ਗਿਆ, ਵਿਛੋੜਾ ਬਾਪ ਦਾ ਰੱਬ ਨੇ ਪਾ ਦਿੱਤਾ।
ਹਰਚੰਦ ਸਿੰਘਾ ਵੀਰਾਂ ਨੇ ਬਾਂਹ ਫੜੀ, ਉਨ੍ਹਾਂ ਆਪਣਾ ਫ਼ਰਜ ਨਿਭਾ ਦਿੱਤਾ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)
PUNJAB LINK SALES TEAM

Rakesh Puri
604-377-4085

Amarjit Singh
778-908-0523

Hardam S. Maan
604-308-6663

Shashi Madan
604-367-5611
www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ     ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ।ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।

ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।

ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ

ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।

ਫੋਨ ਨੰਬਰ-778-957-1670

***************

ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", Msc, MCA ਲਈ ਇੰਡੀਆ ਵਿਚ ਸਰਕਾਰੀ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

***************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਦਚਏਨਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037

**talwanld@hotmlal.ca**

***************

34 ਸਾਲਾਂ 5'-3" **M.A. B.Ed.** ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ-

604-319-0662, Email: dharam.sidhu@yahoo.com

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਵ੍ਰ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ। ਸੰਪਰਕ: 604-809-3121

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ।ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੇਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।

ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)

Insulator (2)

Painter (3)

Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।

ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।

ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਆਸਕਰ ਲਈ ਨਾਮਜ਼ਦ ਹੋਈ ਮਲਿਆਲਮ ਫ਼ਿਲਮ '2018-ਐਵਰੀਵਨ ਇਜ਼ ਏ ਹੀਰੋ'

ਚੇਨੱਈ-ਫਿਲਮ ਫੈਡਰੇਸ਼ਨ ਆਫ ਇੰਡੀਆ ਨੇ ਆਖਿਆ ਕਿ ਕੇਰਲਾ ਵਿੱਚ ਆਏ ਹੜ੍ਹਾਂ 'ਤੇ ਆਧਾਰਤ ਮਲਿਆਲਮ ਫ਼ਿਲਮ



'2018-ਐਵਰੀਵਨ ਇਜ਼ ਏ ਹੀਰੋ' ਭਾਰਤ ਵੱਲੋਂ ਆਸਕਰ ਐਵਾਰਡ 2024 ਲਈ ਚੁਣੀ ਗਈ ਹੈ। ਚੋਣ ਕਮੇਟੀ ਦੇ ਚੇਅਰਮੈਨ ਅਤੇ ਫਿਲਮ ਨਿਰਮਾਤਾ ਗਿਰੀਸ਼ ਕਸਰਾਵਲੀ ਨੇ ਦੱਸਿਆ ਕਿ 16 ਮੈਂਬਰੀ ਕਮੇਟੀ ਨੇ ਮਲਿਆਲਮ ਫ਼ਿਲਮ ਦੀ ਚੋਣ ਕੀਤੀ ਹੈ। ਕਸਰਾਵਲੀ ਕੰਨੜ ਸਨੇਮਾ ਵਿੱਚ ਵੱਡਾ ਨਾਮ ਹੈ। ਉਸ ਨੇ ਕਿਹਾ ਕਿ ਲੰਬੀ ਚਰਚਾ ਮਗਰੋਂ ਆਸਕਰ ਐਵਾਰਡ ਲਈ ਇਹ ਫਿਲਮ ਭੇਜਣ ਦਾ ਫੈਸਲਾ ਕੀਤਾ ਗਿਆ ਹੈ। ਇਸ ਚੋਣ ਲਈ ਪੂਰੇ ਮੁਲਕ ਵਿੱਚੋਂ ਫਿਲਮਾਂ ਭੇਜੀਆਂ ਜਾਂਦੀਆਂ ਹਨ। ਇਸ ਚੋਣ ਲਈ ਟੀਮ ਦੇ ਮੈਂਬਰਾਂ ਨੇ ਇੱਕ ਹਫ਼ਤੇ ਵਿੱਚ 22 ਫਿਲਮਾਂ ਦੇਖੀਆਂ। ਇਨ੍ਹਾਂ ਵਿੱਚੋਂ ਕਿਸੇ ਇੱਕ ਦੀ ਚੋਣ ਕਰਨਾ ਔਖਾ ਸੀ ਕਿਉਂਕਿ ਸਾਰੀਆਂ ਹੀ ਫਿਲਮਾਂ ਚੰਗੀਆਂ ਸਨ। ਇਸ ਵਿੱਚ ਫਿਲਮ ਵਿਚ ਹਾਲਾਤ ਭਾਵੇਂ ਭਾਰਤ ਦੇ ਦਿਖਾਏ ਗਏ ਹਨ, ਪਰ ਇਸ਼ਾਰਾ ਆਲਮੀ ਪੱਧਰ 'ਤੇ ਹੋਰ ਰਹੇ ਵਰਤਾਰੇ ਵੱਲ ਕੀਤਾ ਗਿਆ ਹੈ। ਆਸਕਰ ਫਿਲਮ ਐਵਾਰਡਜ਼ ਲਈ ਚੁਣੀ ਫਿਲਮ '2018' ਦੇ ਨਿਰਦੇਸ਼ਕ ਜੂਡ ਐਂਥਨੀ ਜੋਸਫ ਨੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਸ ਸਨਮਾਨ ਲਈ ਫਿਲਮ ਦਾ ਨਾਮਜ਼ਦ ਹੋਣਾ ਹੀ ਆਸਕਰ ਐਵਾਰਡ ਜਿੱਤਣ ਵਾਂਗ ਹੈ। ਉਸ ਨੇ ਕਿਹਾ ਕਿ ਜਦੋਂ ਉਸ ਨੂੰ ਇਸ ਚੋਣ ਬਾਰੇ ਸੂਚਨਾ ਮਿਲੀ ਤਾਂ ਉਸ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਇਸ ਫਿਲਮ ਦੇ ਰਿਲੀਜ਼ ਹੋਣ ਮਗਰੋਂ ਦਰਸ਼ਕਾਂ ਦਾ ਹਾਂ-ਪੱਖੀ ਹੁੰਗਾਰ ਮਿਲਿਆ ਸੀ। ਉਸ ਨੇ ਦੱਸਿਆ ਕਿ ਇਹ ਹੜ੍ਹ ਬਹੁਤ ਭਿਆਨਕ ਸਨ ਇਨ੍ਹਾਂ ਵਿੱਚ 483 ਲੋਕਾਂ ਨੇ ਜਾਨ ਗੁਆਈ ਸੀ, ਜਿਸ ਨੂੰ ਫਿਲਮ ਵਿੱਚ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

# ਕੈਮਰਾ ਨਿਰਾਸ਼ਾ ਬਾਹਰ ਕੱਢਣ ਦਾ ਸਭ ਤੋਂ ਵਧੀਆ ਜ਼ਰੀਆ-ਨਾਨਾ ਪਾਟੇਕਰ



ਨਵੀਂ ਦਿੱਲੀ-ਫ਼ਿਲਮ 'ਦਿ ਵੈਕਸੀਨ ਵਾਰ' ਵਿੱਚ ਨਜ਼ਰ ਆਉਣ ਵਾਲੇ ਅਦਾਕਾਰ ਨਾਨਾ ਪਾਟੇਕਰ ਦਾ ਕਹਿਣਾ ਹੈ ਕਿ ਅਦਾਕਾਰ ਹੋਣ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਕੈਮਰੇ ਮੂਹਰੇ ਗੱਲਬਾਤ ਕਰਕੇ ਆਪਣੀ ਨਿਰਾਸ਼ਾ ਬਾਹਰ ਨਿਕਲ ਜਾਂਦੀ ਹੈ। ਰਾਜਧਾਨੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਸ ਨੇ ਕਿਹਾ ' ਅਭਨੇਤਾ ਹੋਣ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਸਾਡੇ ਕੋਲ ਕੈਮਰੇ ਦੀ ਮਦਦ ਨਾਲ ਆਪਣੀ ਨਿਰਾਸ਼ਾ ਨੂੰ ਬਾਹਰ ਕੱਢਣ ਦਾ ਸਭ ਤੋਂ ਵਧੀਆ ਸਾਧਨ ਹੈ। ਜੇ ਮੇਰੇ ਕੋਲ ਇਹ ਮਾਧਿਅਮ ਨਾ ਹੁੰਦਾ, ਤਾਂ ਮੈਂ ਪਾਗਲ ਹੋ ਜਾਂਦਾ। ਵੈਸੇ ਵੀ ਮੈਨੂੰ ਪਾਗਲ ਕਿਹਾ ਜਾਂਦਾ ਹੈ ਪਰ ਇਹ ਸਾਡੇ ਲਈ ਬਹੁਤ ਵੱਡਾ ਸਾਧਨ ਹੈ।" ਇਸ ਮੌਕੇ ਅਦਾਕਾਰ ਨਾਲ ਦੱਖਣ ਦੀਆਂ ਫਿਲਮਾਂ ਵਿੱਚ ਕੰਮ ਕਰਨ ਬਾਰੇ ਵੀ ਗੱਲਬਾਤ ਕੀਤੀ ਗਈ। ਨਿਰਮਾਤਾ ਵਵੇਕ ਰੰਜਨ ਅਗਨੀਹੋਤਰੀ ਵੱਲੋਂ ਬਣਾਈ ਫ਼ਿਲਮ 'ਦਿ ਵੈਕਸੀਨ ਵਾਰ' ਨੂੰ ਭਾਰਤ ਦੀ ਪਹਿਲੀ ਬਾਇਓ-ਸਾਇੰਸ ਫਿਲਮ ਵਜੋਂ ਜਾਣਿਆ ਜਾਂਦਾ ਹੈ। ਇਹ ਫ਼ਿਲਮ ਉਨ੍ਹਾਂ ਮਾਹਿਰ ਵਿਗਿਆਨੀਆਂ ਬਾਰੇ ਗੱਲ ਕਰਦੀ ਹੈ, ਜਨ੍ਹਿਾਂ ਨੇ ਸਵਦੇਸ਼ੀ ਬੀਬੀਵੀ152 ਵੈਕਸੀਨ, ਜਿਸ ਨੂੰ ਆਮ ਤੌਰ 'ਤੇ ਕੋਵੈਕਸਨਿ ਵਜੋਂ ਜਾਣਿਆ ਜਾਂਦਾ ਹੈ, ਨੂੰ ਵਿਕਸਤ ਕੀਤਾ ਹੈ। ਫ਼ਿਲਮ ਵਿੱਚ ਪੱਲਵੀ ਜੋਸ਼ੀ, ਅਨੁਪਮ ਖੇਰ, ਰਾਇਮਾ ਸੇਨ ਅਤੇ ਸਪਤਾਮੀ ਗੌੜਾ ਵੀ ਹਨ। ਇਹ ਫਿਲਮ 28 ਸਤੰਬਰ ਨੂੰ 10 ਵੱਖ-ਵੱਖ ਭਾਸ਼ਾਵਾਂ ਵਿੱਚ ਰਿਲੀਜ਼ ਹੋਵੇਗੀ।






# ਕੈਨੇਡਾ ਦੇ ਦੁਖੜੇ

**ਕੁਲਵੀਰ ਸਿੰਘ ਡਾਨਸੀਵਾਲ**
778-863-2472

ਲੱਖ ਬੰਦਾ ਸੀ ਚਾਹੀਦਾ ਪਰ , ਦੋ ਲੱਖ ਯਾਰੋ ਸੱਦ ਲਿਆ
Ship ਤਾਂ ਮਿੱਤਰੋ ਡੁੱਬਣਾ ਸੀ ਜਦ ਓਵਰਲੋਡ ਹੀ ਲੱਦ ਲਿਆ
ਗੱਡਾ ਕਿੱਦਾਂ ਤੁਰਨਾ ਸੀ ਜਦ, ਵਾਧੂ ਬੰਦੇ ਚਾਹੜਤੇ
ਦੇਸ ਕਨੇਡਾ ਮਾੜਾ ਨੀ, ਮਿਸ managment ਨੇ ਮਾਰਤੇ

ਪੈ ਗਿਆ ਦੱਬ ਮਰੀਜ਼ਾਂ ਦਾ, ਕੋਈ ਡਾਕਟਰ ਲੱਭਦਾ ਨਹੀਂ
ਓਵਰਲੋਡ ਕਲਾਸਾਂ ਨੇ, ਕੋਈ ਮਾਸਟਰ ਲੱਭਦਾ ਨਹੀਂ
ਕਿੱਦਾਂ ਪੜ੍ਹੂ ਸਟੂਡੈਂਟ ਜਿੱਥੇ, ਬੱਚੇ extra ਵਾੜਤੇ
ਦੇਸ ਕਨੇਡਾ ਮਾੜਾ ਨੀ, ਮਿਸ ਮੈਨਜਮੈਂਟ ਨੇ ਮਾਰਤੇ

ਬੇਰੀ ਤੋੜਨ ਮਾਪੇ ਆ ਕੇ, Vistor ਵੀਜ਼ੇ 'ਤੇ
ਦਿਨ ਵੇਲੇ ਧੀ ਪੜ੍ਹਦੀ, ਰਾਤੀਂ ਜਾਂਦੀ ਪੀਜੇ ਤੇ




ਚੁਗਦੀ ਫਿਰਦੀ ਦੁਨੀਆ ਰੱਬ ਨੇ, ਜਿੱਥੇ ਚੋਗ ਖਿਲਾਰਤੇ
ਯਾਰ ਟਰੂਡੋ ਲੋਕੀਂ ਤੇਰੀ, ਮਿਸ ਮੈਨਜਮੈਂਟ ਨੇ ਮਾਰਤੇ

ਲੈਂਡ ਵੇਚਤੀ ਬਾਪੂ ਨੇ , ਪੁੱਤ ਵਿਚ ਕਨੇਡਾ ਭੇਜਤਾ
ਔਖੀ ਲਾਈਫ਼ ਸਟੂਡੈਂਟ ਦੀ , ਪੁੱਤ ਖੱਦਰ ਵਾਂਗੂੰ ਲੇਹੜਤਾ
ਹੁਣ ਗੈਸ ਪੰਪ ਤੇ ਮੁੰਡਾ ਆ ਕੇ, ਕੋਕਾ ਕੋਲਾ ਵੇਚਦਾ

ਪੀ ਆਰ ਦੇ ਰੱਬਾ ਮੈਨੂੰ, ਨਿੱਤ ਹੀ ਮੱਥੇ ਟੇਕਦਾ
ਫੋਰਡ ਟਰੈਕਟਰ ਛੱਡ ਕੇ, ਬੈਠਾ ਫੋਰਕਲਿਫਟਾਂ ਤੇ
ਬੁੱਲਟ ਉੱਤੇ ਜੋ ਰਹਿੰਦਾ ਸੀ, ਹੁਣ ਰਹਿੰਦਾ ਸ਼ਿਫਟਾਂ ਤੇ
ਚੰਦਰੀ ਭੁੱਖ ਕਨੇਡਾ ਦੀ ਨੇ, ਵੱਸਦੇ ਪਿੰਡ ਉਜਾੜਤੇ
ਦੇਸ ਪੰਜਾਬ ਨੀ ਮਾੜਾ, ਇਹਦੀ ਪੌਲਟੈਕ੍ਸ ਨੇ ਮਾਰਤੇ

ਘਰ ਦਾ ਮਾਲਕ ਅੱਖਾਂ ਵਿਚੋਂ, ਹੰਝੂ ਸਿੱਟਦਾ ਏ
ਜਿਹੜਾ rent ਤੇ ਰਹਿੰਦਾ ਮਿੱਤਰੋ ,ਉਹ ਵੀ ਪਿੱਟਦਾ ਏ
ਵਿਚ ਕਨੇਡਾ ਕਰਜੇ ਮਿਲਦੇ , ਜੌਬਾਂ ਮਿਲਦੀਆਂ ਨਹੀਂ
ਡਾਣਸੀਵਾਲੀਆ ਪਿੰਡਾਂ ਵਰਗੀਆਂ, ਮੌਜਾਂ ਮਿਲਦੀਆਂ ਨਹੀਂ
ਬਰਫ ਚ ਲਾਤੇ ਰੈਂਟਾਂ ਨੇ, ਤੇ ਮੌਰਗੇਜਾਂ ਨੇ ਸਾੜਤੇ
ਦੇਸ ਕਨੇਡਾ ਮਾੜਾ ਨੀ, ਮਿਸ ਮੈਨਜਮੈਂਟ ਨੇ ਮਾਰਤੇ




## ਮਿੰਨੀ ਕਹਾਣੀ

# ਜੀਵਨ ਦੀ ਪੂੰਜੀ

**ਸੁਸ਼ਮਾ ਵਿਆਸ 'ਰਾਜਨਿਧੀ'**

ਨਿਧੀ ਅਕਸਰ ਆਪਣੇ ਪ੍ਰੋਫ਼ੈਸਰ ਪਤੀ ਨਾਲ ਝਗੜਦੀ ਰਹਿੰਦੀ, "ਕੀ ਕਮਾਉਂਦੇ ਹੋ ? ਬੰਨ੍ਹੀ-ਬੰਨ੍ਹਾਈ ਤਨਖ਼ਾਹ ਹੱਥ 'ਤੇ ਲਿਆ ਕੇ ਰੱਖ ਦਿੰਦੇ ਹੋ। ਮਹੀਨੇ ਦਾ ਖਰਚਾ ਕਵੇਂ ਚਲਾਉਂਦੀ ਹਾਂ, ਮੈਂ ਹੀ ਜਾਣਦੀ ਹਾਂ। ਟਿਊਸ਼ਨ ਵੀ ਨਹੀਂ ਕਰਦੇ, ਬੜੇ ਆਦਰਸ਼ਵਾਦੀ ਬਣਦੇ ਹੋ ! ਬੱਚਿਆਂ ਨੂੰ ਮੁਫ਼ਤ ਹੀ ਪੜ੍ਹਾ ਦਿੰਦੇ ਹੋ ! ਹੂੰਅ ! ਮੇਰੇ ਲਈ ਤਾਂ ਵੱਡੇ ਵੱਡੇ ਘਰਾਂ ਤੋਂ ਰਿਸ਼ਤੇ ਆਏ ਸਨ। ਪਤਾ ਨਹੀਂ ਪਿਤਾ ਜੀ ਨੇ ਇੱਥੇ ਕਿਉਂ ਵਿਆਹ ਕਰ ਦਿੱਤਾ !" ਨਿਧੀ ਦਾ ਇਹ ਰੋਜ਼ ਦਾ ਰੋਣਾ ਸੀ।

ਮਾਂ ਦੀ ਅਚਾਨਕ ਬਿਮਾਰੀ ਦੀ ਖ਼ਬਰ ਸੁਣ ਕੇ ਉਹ ਆਪਣੀਆਂ ਦੋ ਛੋਟੀਆਂ ਧੀਆਂ ਨੂੰ ਲੈ ਕੇ ਇਕੱਲੀ ਹੀ ਰੇਲਗੱਡੀ ਵਿੱਚ ਬੈਠ ਗਈ। ਰੇਲਗੱਡੀ ਵਿੱਚ ਬਹੁਤ ਜ਼ਿਆਦਾ ਭੀੜ ਸੀ ਅਤੇ ਨਿਧੀ ਕੋਲ ਭਾਰੀ ਸਮਾਨ। ਸਟੇਸ਼ਨ 'ਤੇ ਕਵੇਂ ਉਤਰਾਂਗੀ ? ਸਮਾਨ ਕਵੇਂ ਲਾਹਾਂਗੀ ? ਗੋਦੀ ਵਿੱਚ ਇੱਕ ਦੁੱਧ ਪੀਂਦੀ ਧੀ ਤੇ ਦੂਜੀ ਪੰਜ ਸਾਲ ਦੀ। ਬਹੁਤ ਫ਼ਿਕਰਮੰਦ ਸੀ ਨਿਧੀ !

ਗੱਡੀ ਰੁਕਦਿਆਂ ਹੀ ਨਿਧੀ ਸਾਮਾਨ ਨੂੰ ਲਗਭਗ ਘੜੀਸਦੀ ਗੇਟ ਕੋਲ ਲੈ ਆਈ। ਇੰਨੇ ਵਿੱਚ ਪਲੇਟਫਾਰਮ 'ਤੇ ਖੜ੍ਹਾ ਇੱਕ ਸਿਪਾਹੀ ਤੇਜ਼ੀ ਨਾਲ ਨਿਧੀ ਕੋਲ ਆਇਆ। ਉਸ ਨੇ ਛੋਟੀ ਨੂੰ ਨਿਧੀ ਦੇ ਹੱਥੋਂ ਆਪਣੀ ਗੋਦੀ ਵਿੱਚ ਲਿਆ, ਵੱਡੀ ਨੂੰ ਇੱਕ ਹੱਥ ਨਾਲ ਹੇਠਾਂ ਉਤਾਰਿਆ ਤੇ ਨਿਧੀ ਕੋਲੋਂ ਸਾਰਾ ਸਾਮਾਨ ਲੈ ਕੇ ਹੇਠਾਂ ਲਾਹ ਲਿਆ। ਇਹ ਸਭ ਇੰਨੀ ਤੇਜ਼ੀ ਨਾਲ ਵਾਪਰਿਆ ਕਿ ਉਹ ਹੈਰਾਨ ਰਹਿ ਗਈ। ਕੌਣ ਹੈ ਇਹ ? ਕੁਝ ਡਰ ਵੀ ਗਈ। ਰੇਲਗੱਡੀ ਤੋਂ ਲਗਭਗ ਛਾਲ ਹੀ ਮਾਰ ਦਿੱਤੀ। ਇੰਨੇ ਵਿੱਚ ਪੁਲੀਸ ਵਾਲੇ ਨੇ ਝੱਟ ਉਹਦੇ ਪੈਰ ਛੂਹੇ। "ਮੈਨੂੰ ਨਹੀਂ ਪਛਾਣਿਆ ਮੈਂ'ਮ ! ਮੈਂ ਮੁਕੇਸ਼। ਸਰ ਤੋਂ ਪੜ੍ਹਨ ਆਉਂਦਾ ਸਾਂ।" ਹੁਣ ਨਿਧੀ ਨੂੰ ਪਛਾਣ ਆਈ, "ਮੁਕੇਸ਼ ਤੂੰ ?" ਬੇਹੱਦ ਗ਼ਰੀਬ ਪਰਿਵਾਰ ਦਾ ਮੁਕੇਸ਼ ਉਸ ਦੇ ਪ੍ਰੋਫ਼ੈਸਰ ਪਤੀ ਤੋਂ ਪੜ੍ਹਨ ਆਉਂਦਾ ਸੀ। "ਹਾਂ, ਮੈਂ'ਮ ! ਸਰ ਦੇ ਆਸ਼ੀਰਵਾਦ ਅਤੇ ਦਿੱਤੀ ਹੋਈ ਸਿੱਖਿਆ ਨਾਲ ਹੀ ਮੈਨੂੰ ਰੇਲਵੇ ਪੁਲੀਸ ਵਿੱਚ ਨੌਕਰੀ ਮਿਲ ਗਈ ਅਤੇ ਅੱਜਕੱਲ੍ਹ ਇੱਥੇ ਇੰਦੌਰ ਹੀ ਪੋਸਟਿੰਗ ਹੈ। ਮੇਰਾ ਤੇ ਮੇਰੇ ਪਰਿਵਾਰ ਦਾ ਜੀਵਨ ਸੰਵਾਰ ਦਿੱਤਾ ਸਰ ਨੇ।" ਇਉਂ ਕਹਿ ਕੇ ਉਹਨੇ ਸਾਰਾ ਸਾਮਾਨ ਹੱਥਾਂ ਵਿੱਚ ਫੜਿਆ ਅਤੇ ਟੈਕਸੀ ਸਟੈਂਡ ਤੱਕ ਲੈ ਗਿਆ। ਬੇਟੀਆਂ ਨੂੰ ਚਾਕਲੇਟ ਅਤੇ ਫ਼ਰੂਟੀ ਲੈ ਕੇ ਦਿੱਤੀਆਂ। ਨਿਧੀ ਨੂੰ ਟੈਕਸੀ ਵਿੱਚ ਬਿਠਾ ਕੇ ਡਰਾਈਵਰ ਨੂੰ ਸਖ਼ਤ ਹਦਾਇਤ ਦਿੱਤੀ, "ਚੰਗੀ ਤਰ੍ਹਾਂ ਘਰ ਉਤਾਰ ਕੇ ਆਈਂ ਮੈਂ'ਮ ਨੂੰ !" ਅਤੇ ਜਦੋਂ ਨਿਧੀ ਪੈਸੇ ਦੇਣ ਲੱਗੀ ਤਾਂ ਬੋਲਿਆ, "ਤੁਹਾਡੇ ਲਈ ਕੀ ਏਨਾ ਵੀ ਨਹੀਂ ਕਰ ਸਕਦਾ ਮੈਂ'ਮ ! ਸਰ ਮੇਰੇ ਲਈ ਕਿਸੇ ਰੱਬ ਤੋਂ ਘੱਟ ਨਹੀਂ ਹਨ !" ਅਤੇ ਫਿਰ ਨਿਧੀ ਦੇ ਪੈਰੀਂ ਹੱਥ ਲਾਏ। ਅੱਜ ਨਿਧੀ ਦਾ ਚਿਹਰਾ ਮਾਣ ਅਤੇ ਖ਼ੁਸ਼ੀ ਨਾਲ ਚਮਕ ਉਠਿਆ। ਉਹਨੂੰ ਅੱਜ ਪਹਿਲੀ ਵਾਰ ਮਹਿਸੂਸ ਹੋਇਆ ਕਿ ਪੈਸੇ ਤੋਂ ਵਧ ਕੇ ਸਨਮਾਨ ਅਤੇ ਸਤਿਕਾਰ ਹੀ ਜੀਵਨ ਦੀ ਪੂੰਜੀ ਹੈ !

**—ਪੰਜਾਬੀ ਰੂਪ: ਪ੍ਰੋ. ਨਵ ਸੰਗੀਤ ਸਿੰਘ**




Applicable To All Leftover Tickets Keeping In View of Celebration pf Navratri and Ganesh Utsav.

***Let's Celebrate This Function With Indianan Idols.***

***Please Promote This Since Time Is Very Short Thank You.***



# ਫ਼ਿਲਮ 'ਜਿਗਰਾ' 'ਚ ਨਜ਼ਰ ਆਵੇਗੀ ਆਲੀਆ ਭੱਟ

ਮੁੰਬਈ: ਬੌਲੀਵੁੱਡ ਅਦਾਕਾਰਾ ਆਲੀਆ ਭੱਟ ਵਾਸਨ ਬਾਲਾ ਦੇ ਨਿਰਦੇਸ਼ਨ ਵਿੱਚ ਬਣ ਰਹੀ ਫ਼ਿਲਮ 'ਜਿਗਰਾ' ਵਿੱਚ ਨਜ਼ਰ ਆਵੇਗੀ। ਇਹ ਐਲਾਨ ਇੱਥੇ ਧਰਮਾ ਪ੍ਰੋਡਕਸ਼ਨ ਨੇ ਆਪਣੇ ਸੋਸ਼ਲ ਮੀਡੀਆ ਪਲੈਟਫਾਰਮ 'ਤੇ ਕੀਤਾ ਹੈ। ਇਸ ਫਿਲਮ ਵਿਚ ਆਲੀਆ ਦੀ ਪਹਿਲੀ ਝਲਕ ਸਾਹਮਣੇ ਆਈ ਹੈ, ਜਿਸ ਵਿੱਚ ਉਸ ਨੇ ਪੈਂਟ-ਕਮੀਜ਼ ਪਹਨੀ ਹੋਈ ਹੈ ਤੇ ਪਿੱਠੂ ਬੈਗ ਚੁੱਕਿਆ ਹੋਇਆ ਹੈ। ਵੀਡੀਓ ਵਿਚ ਆਲੀਆ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ



ਹੈ, 'ਮੇਰੀ ਰਾਖੀ ਪਹਨਿਤਾ ਹੈ ਨਾ ਤੂ। ਤੂ ਮੇਰੀ ਪ੍ਰੋਟਕਸ਼ਨ ਮੇਂ ਹੈ। ਤੁਝੇ ਮੈਂ ਕੁਛ ਭੀ ਨਹੀਂ ਹੋਨੇ ਦੂੰਗੀ। ਕਭੀ ਭੀ।' ਧਰਮਾ ਪ੍ਰੋਡਕਸ਼ਨ ਨੇ ਇਸ ਵੀਡੀਓ ਕੈਪਸ਼ਨ ਲਿਖਦਿਆਂ ਆਖਿਆ, 'ਇੱਕ ਦਲੇਰਾਨਾ ਲੜਾਈ ਲੜਨ ਲਈ ਉਹ ਵਾਪਸ ਆ ਗਈ ਹੈ! ਜਿਗਰਾ... ਵਾਸਨ ਬਾਲਾ ਵੱਲੋਂ ਨਿਰਦੇਸ਼ਤ ਇਹ ਫ਼ਿਲਮ 27 ਸਤੰਬਰ 2024 ਨੂੰ ਸਨੇਮਾਘਰਾਂ ਵਿੱਚ ਰਿਲੀਜ਼ ਹੋ ਰਹੀ ਹੈ।

# ਰਾਘਵ ਤੇ ਪਰਨੀਤੀ ਦੀਆਂ ਕੇਜਰੀਵਾਲ ਤੇ ਭਗਵੰਤ ਮਾਨ ਨਾਲ ਤਸਵੀਰਾਂ ਵਾਇਰਲ

ਨਵੀਂ ਦਿੱਲੀ-'ਆਪ' ਦੇ ਸੰਸਦ ਮੈਂਬਰ ਰਾਘਵ ਚੱਢਾ ਅਤੇ ਅਦਾਕਾਰਾ ਪਰਨੀਤੀ ਚੋਪੜਾ ਦੇ 24 ਸਤੰਬਰ ਨੂੰ ਰਾਜਸਥਾਨ ਦੇ ਉਦੈਪੁਰ ਵਿੱਚ ਹੋਏ ਵਿਆਹ ਦੀਆਂ ਤਸਵੀਰਾਂ ਹੁਣ ਸਾਹਮਣੇ ਆਉਣ ਲੱਗੀਆਂ ਹਨ। ਨਵਵਿਆਹੀ ਜੋੜੀ ਸੋਮਵਾਰ ਸ਼ਾਮ ਨੂੰ ਦਿੱਲੀ ਪੁੱਜੀ ਸੀ ਜਿਥੇ ਹਵਾਈ ਅੱਡੇ 'ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਜੋੜੀ ਦੇ ਵਿਆਹ ਸਮਾਗਮ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ। ਇਨ੍ਹਾਂ ਵਿੱਚੋਂ ਹੀ ਇੱਕ ਤਸਵੀਰ ਵਿੱਚ ਨਵਵਿਆਹੀ ਜੋੜੀ ਨਾਲ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਿਖਾਈ ਦੇ ਰਹੇ ਹਨ। ਇਸੇ ਦੌਰਾਨ ਆਮ ਆਦਮੀ ਪਾਰਟੀ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਖਾਤੇ 'ਤੇ ਤਸਵੀਰ ਸਾਂਝੀ ਕਰਦਿਆਂ ਰਾਘਵ ਅਤੇ ਪਰਨੀਤੀ ਨੂੰ ਵਿਆਹ ਦੀਆਂ ਵਧਾਈਆਂ ਦਿੱਤੀਆਂ ਹਨ। ਇਸ ਵਿੱਚ ਲਿਖਿਆ ਗਿਆ ਹੈ,"ਆਮ ਆਦਮੀ ਪਾਰਟੀ ਦੇ ਸਮੂਹ ਪਰਿਵਾਰ ਵੱਲੋਂ ਸਾਡੇ ਐਮਪੀ ਰਾਘਵ ਚੱਢਾ ਅਤੇ ਪਰਨੀਤੀ ਚੋਪੜਾ ਨੂੰ ਜ਼ਿੰਦਗੀ ਦੇ ਨਵੇਂ ਸਫ਼ਰ ਦੀ ਸ਼ੁਰੂਆਤ ਲਈ ਮੁਬਾਰਕਾਂ।" ਵਿਆਹ ਦੀਆਂ ਵਾਇਰਲ ਵੀਡੀਓਜ਼ ਵਿੱਚੋਂ ਇੱਕ ਵਿੱਚ ਰਾਘਵ ,ਕੇਜਰੀਵਾਲ ਅਤੇ ਭਗਵੰਤ ਮਾਨ ਢੋਲ 'ਤੇ ਨੱਚ ਰਹੇ ਹਨ। ਇਸ ਤੋਂ ਇਲਾਵਾ ਵਿਆਹ ਸਮਾਗਮ ਵਿੱਚ ਸਾਬਕਾ ਟੈਨਸ ਖਿਡਾਰਨ ਸਾਨੀਆ ਮਿਰਜ਼ਾ, ਸਾਬਕਾ ਕ੍ਰਿਕਟ ਖਿਡਾਰੀ ਹਰਭਜਨ ਸਿੰਘ, ਸੰਸਦ ਮੈਂਬਰ ਸੰਜੇ ਸਿੰਘ, ਸ਼ਿਵ ਸੈਨਾ ਆਗੂ ਆਦਿਤਿਆ ਠਾਕਰੇ ਅਤੇ ਮਨੀਸ਼ ਮਲਹੋਤਰਾ ਸਣੇ ਹੋਰ ਹਾਜ਼ਰ ਸਨ।

# ਵਹੀਦਾ ਰਹਿਮਾਨ ਨੂੰ ਵੱਕਾਰੀ ਦਾਦਾਸਾਹਿਬ ਫਾਲਕੇ ਪੁਰਸਕਾਰ

## ਅਭਿਨੇਤਰੀ ਨੇ ਪੁਰਸਕਾਰ ਮਿਲਣ 'ਤੇ ਖ਼ੁਸ਼ੀ ਜ਼ਾਹਿਰ ਕਰਦਿਆਂ ਦੇਵ ਆਨੰਦ ਨੂੰ ਯਾਦ ਕੀਤਾ

ਨਵੀਂ ਦਿੱਲੀ-ਲਗਭਗ 68 ਵਰ੍ਹੇ ਪਹਿਲਾਂ ਫ਼ਿਲਮ ਜਗਤ ਨਾਲ ਜੁੜੀ ਤੇ 'ਪਿਆਸਾ' ਅਤੇ 'ਗਾਈਡ' ਜਿਹੀਆਂ ਲੋਕ ਮਨਾਂ 'ਚ ਹਮੇਸ਼ਾ ਲਈ ਵਸ ਚੁੱਕੀਆਂ ਫ਼ਿਲਮਾਂ ਵਿਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਉਣ ਵਾਲੀ ਅਭਨੇਤਰੀ ਵਹੀਦਾ ਰਹਿਮਾਨ ਨੂੰ ਇਸ ਸਾਲ 'ਦਾਦਾਸਾਹਿਬ ਫਾਲਕੇ ਪੁਰਸਕਾਰ' ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਕੇਂਦਰ ਸਰਕਾਰ ਵੱਲੋਂ ਸਨੇਮਾ ਦੇ ਖੇਤਰ ਵਿਚ ਦਿੱਤਾ ਜਾਣ ਵਾਲਾ ਇਹ ਸਭ ਤੋਂ ਵੱਡਾ ਸਨਮਾਨ ਹੈ। ਰਹਿਮਾਨ ਨੇ ਪੁਰਸਕਾਰ ਦਾ ਐਲਾਨ ਹੋਣ 'ਤੇ ਕਿਹਾ, 'ਮੈਨੂੰ ਦੁੱਗਣੀ ਖ਼ੁਸ਼ੀ ਹੈ ਕਿਉਂਕਿ ਦੇਵ ਆਨੰਦ ਦਾ ਜਨਮ ਦਨਿ ਵੀ ਹੈ। ਮੈਂ ਸੋਚਦੀ ਹਾਂ ਕਿ ਤੋਹਫ਼ਾ ਉਨ੍ਹਾਂ ਨੂੰ ਮਿਲਣਾ ਸੀ, ਮੈਨੂੰ ਮਿਲ ਗਿਆ।' ਜ਼ਿਕਰਯੋਗ ਹੈ ਕਿ ਅੱਜ ਦੇਵ ਆਨੰਦ ਦਾ 100ਵਾਂ ਜਨਮ ਦਨਿ ਹੈ। ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ 'ਐਕਸ' 'ਤੇ ਪੋਸਟ ਕਰ ਕੇ ਇਸ ਬਾਰੇ ਐਲਾਨ ਕੀਤਾ। ਠਾਕੁਰ ਨੇ ਲਿਖਿਆ, 'ਮੈਨੂੰ ਇਹ ਐਲਾਨਦਿਆਂ ਬੇਹੱਦ ਖ਼ੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਸ ਸਾਲ ਦਾ ਵੱਕਾਰੀ ਦਾਦਾਸਾਹਿਬ ਫਾਲਕੇ ਲਾਈਫਟਾਈਮ ਅਚੀਵਮੈਂਟ ਐਵਾਰਡ ਵਹੀਦਾ ਰਹਿਮਾਨ ਜੀ ਨੂੰ ਦਿੱਤਾ ਜਾ ਰਿਹਾ ਹੈ, ਭਾਰਤੀ ਸਨੇਮਾ ਲਈ ਉਨ੍ਹਾਂ ਬਿਹਤਰੀਨ ਯੋਗਦਾਨ ਦਿੱਤਾ ਹੈ।' ਸਾਲ 2021





ਲਈ ਇਹ ਸਨਮਾਨ 69ਵੇਂ ਕੌਮੀ ਫਿਲਮ ਐਵਾਰਡ ਸਮਾਰੋਹ ਦੌਰਾਨ ਦਿੱਤਾ ਜਾਵੇਗਾ। ਐਵਾਰਡ ਉਤੇ ਫ਼ੈਸਲਾ ਲੈਣ ਵਾਲੀ ਪੰਜ ਮੈਂਬਰੀ ਜਿਊਰੀ ਵਿਚ ਰਹਿਮਾਨ ਦੀ ਕਰੀਬੀ ਦੋਸਤ ਤੇ ਪਿਛਲੇ ਸਾਲ ਦੀ ਜੇਤੂ ਆਸ਼ਾ ਪਾਰਿਖ, ਅਭਨੇਤਾ ਚਿਰੰਜੀਵੀ, ਪਰੇਸ਼ ਰਾਵਲ ਤੇ ਪ੍ਰੋਸੇਨਜੀਤ ਚੈਟਰਜੀ ਅਤੇ ਨਿਰਮਾਤਾ-ਨਿਰਦੇਸ਼ਕ ਸ਼ੇਖਰ ਕਪੂਰ ਸ਼ਾਮਲ ਸਨ। ਦੇਸ਼ ਦੇ ਬਿਹਤਰੀਨ ਕਲਾਕਾਰਾਂ 'ਚ ਸ਼ੁਮਾਰ ਰਹਿਮਾਨ, 'ਭਾਰਤਨਾਟਿਅਮ' 'ਚ ਵੀ ਨਿਪੁੰਨ ਹੈ। ਵਹੀਦਾ ਨੇ ਦੇਵ ਆਨੰਦ ਦੇ ਨਾਲ ਗੁਰੂ ਦੱਤ ਦੀ ਫ਼ਿਲਮ 'ਸੀਆਈਡੀ' ਤੋਂ ਹਿੰਦੀ ਫ਼ਿਲਮਾਂ ਦੀ ਦੁਨੀਆ ਵਿਚ ਪੈਰ ਧਰਿਆ ਸੀ। ਇਸ ਸ਼ਾਨਦਾਰ ਸ਼ੁਰੂਆਤ ਤੋਂ ਬਾਅਦ ਵਹੀਦਾ ਨੇ ਕਈ ਗੰਭੀਰ ਤੇ ਮੁੱਖ ਧਾਰਾ ਦੀਆਂ ਫ਼ਿਲਮਾਂ ਕੀਤੀਆਂ ਜਨ੍ਹਿਾਂ ਵਿਚ 'ਕਾਗਜ਼ ਕੇ ਫੂਲ' ਤੇ 'ਰਾਮ ਔਰ ਸ਼ਿਆਮ' ਜਿਹੀਆਂ ਫ਼ਿਲਮਾਂ ਸ਼ਾਮਲ ਹਨ। ਵਹੀਦਾ ਰਹਿਮਾਨ ਦਾ ਛੇ ਦਹਾਕਿਆਂ ਦਾ ਕਰੀਅਰ ਵੱਖ-ਵੱਖ ਭਾਸ਼ਾਵਾਂ ਦੀਆਂ 90 ਫ਼ਿਲਮਾਂ ਤੱਕ ਫੈਲਿਆ ਹੋਇਆ ਹੈ। ਉਨ੍ਹਾਂ 'ਬਲੈਕ ਐਂਡ ਵਾਈਟ' ਸਨੇਮਾ ਤੋਂ ਰੰਗੀਨ ਫ਼ਿਲਮਾਂ ਤੱਕ ਅਤੇ ਮੁੱਖ ਭੂਮਿਕਾਵਾਂ ਤੋਂ ਕੈਮੀਓ ਰੋਲਾਂ ਤੱਕ ਦਾ ਸਫ਼ਰ ਮਾਣਿਆ ਹੈ। ਉਨ੍ਹਾਂ ਦੀਆਂ ਕੁਝ ਸਭ ਤੋਂ ਯਾਦਗਾਰੀ ਭੂਮਿਕਾਵਾਂ ਗੁਰੂ ਦੱਤ ਦੀਆਂ ਫ਼ਿਲਮਾਂ ਵਿਚ ਰਹੀਆਂ ਜਨ੍ਹਿਾਂ 'ਚ 'ਪਿਆਸਾ', 'ਕਾਗਜ਼ ਕੇ ਫੂਲ' ਤੇ 'ਸਾਹਿਬ ਬੀਵੀ ਔਰ ਗ਼ੁਲਾਮ' ਸ਼ਾਮਲ ਹਨ। ਦੇਵ ਆਨੰਦ ਨਾਲ ਉਨ੍ਹਾਂ 'ਗਾਈਡ', 'ਪ੍ਰੇਮ ਪੁਜਾਰੀ' ਵਿਚ ਕੰਮ ਕੀਤਾ।

ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# ਬੇਹੱਦ ਸਫਲ ਰਿਹਾ ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਦਾ ਦੂਜਾ ਇੰਟਰਨੈਸ਼ਨਲ ਸਿੱਖ ਰਿਸਰਚ ਸੰਮੇਲਨ











ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਵੱਲੋਂ ਆਪਣਾ ਦੂਜਾ ਇੰਟਰਨੈਸ਼ਨਲ ਸਿੱਖ ਰਿਸਰਚ ਸੰਮੇਲਨ 23 ਅਤੇ 24 ਸਤੰਬਰ 2024 ਨੂੰ ਸਰੀ ਸਿਟੀ ਹਾਲ, ਸਰੀ (ਕੈਨੇਡਾ) ਵਿਖੇ ਕਰਵਾਇਆ ਗਿਆ। ਇਹ ਸੰਮੇਲਨ ਵਿੱਚ ਅਕਾਦਮਿਕ ਸੈਸ਼ਨਾਂ ਦੇ ਨਾਲ-ਨਾਲ ਗੁਰਬਾਣੀ ਵਿੱਚ ਮੌਜੂਦਾ ਮੁੱਦਿਆਂ ਅਤੇ ਵਿਸ਼ਵੀਕਰਨ ਦੀਆਂ ਚੁਣੌਤੀਆਂ 'ਤੇ ਧਿਆਨ ਕੇਂਦਰਤ ਕਰਨ ਵਾਲੇ ਸਮਕਾਲੀ ਪੈਨਲ ਵਿਚਾਰ-ਵਟਾਂਦਰੇ ਸ਼ਾਮਲ ਕੀਤੇ ਗਏ। ਔਫਲਾਈਨ ਅਤੇ ਔਨਲਾਈਨ ਹੋਏ ਇਸ ਸੰਮੇਲਨ ਵਿਚ 300 ਤੋਂ ਵੱਧ ਸਿੱਖਿਆਰਥੀਆਂ, ਵਿਦਵਾਨਾਂ, ਵੱਖ ਵੱਖ ਖੇਤਰਾਂ ਦੇ ਮਾਹਿਰਾਂ, ਰਾਜਨੀਤਕ ਅਤੇ ਸਮਾਜਿਕ ਸ਼ਖ਼ਸੀਅਤਾਂ ਨੇ ਹਿੱਸਾ ਲਿਆ। ਅੰਤਰਰਾਸ਼ਟਰੀ ਵਿਦਵਾਨਾਂ ਦੁਆਰਾ ਵੱਖ-ਵੱਖ ਅਕਾਦਮਿਕ ਸੈਸ਼ਨਾਂ ਵਿੱਚ 13 ਵਿਸ਼ਿਆਂ ਉੱਪਰ ਉੱਚ-ਅਕਾਦਮਿਕ ਮਿਆਰੀ ਖੋਜ ਪੱਤਰ ਪੇਸ਼ ਕੀਤੇ ਗਏ ਅਤੇ ਹਰੇਕ ਸੈਸ਼ਨ ਤੋਂ ਬਾਅਦ ਵੱਖ-ਵੱਖ ਮੌਜੂਦਾ ਮੁੱਦਿਆਂ 'ਤੇ ਜੀਵੰਤ ਚਰਚਾ ਕੀਤੀ ਗਈ। ਇੰਸਟੀਚਿਊਟ ਦੇ ਸੀਈਓ ਸ. ਗਿਆਨ ਸਿੰਘ ਸੰਧੂ ਨੇ ਦੱਸਿਆ ਕਿ ਇਸ ਸੰਸਥਾ ਦਾ ਉਦੇਸ਼ ਖੋਜ, ਵਿਦਿਆ ਅਤੇ ਸੇਵਾ ਰਾਹੀਂ ਸੱਭਿਅਚਾਰਕ ਵਖਰੇਵੇਂ ਦੇ ਨਾਲ ਨਾਲ ਸਿੱਖੀ ਦੀ ਸਹਿ-ਹੋਂਦ ਨੂੰ ਪ੍ਰਫੁੱਲਤ ਕਰਨਾ ਹੈ ਅਤੇ ਇਕ ਅਜਿਹੀ ਯੂਨੀਵਰਸਿਟੀ ਬਣਾਉਣਾ ਹੈ ਜੋ ਵਿਸ਼ਵ ਦੀਆਂ ਪ੍ਰਮੁੱਖ ਵਿਦਿਅਕ ਸੰਸਥਾਵਾਂ ਦੇ ਮੁਕਾਬਲਤਨ ਹੋਵੇ।












































fruiticana hee jaana!
LONG WEEKEND SPECIALS
LOWEST PRICES IN TOWN
EXTRA EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$12.98 bag
EXTRA SUPER SUPER SPECIAL
BC Hot Chili Peppers
ਬੀਸੀ ਕੌੜੀਆਂ ਮਿਰਚਾਂ
$1.79 lb
BC Carrots
ਗਾਜਰਾਂ ਬੀ ਸੀ
78¢ lb
SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.99 ea.
SUPER SUPER SPECIAL
Okra Extra Fancy
ਭਿੰਡੀ ਐਕਸਟਰਾ ਫੈਂਸੀ
$2.88 lb
Sher Multigrain Atta 10 lbs
ਸ਼ੇਰ ਮਲਟੀਗ੍ਰੇਨ ਅੱਟਾ
$9.99 bag
Indian Eggplants
ਦੇਸੀ ਬਤਾਊਂ
$1.48 lb
SUPER SPECIAL
Gala Apples BC
ਗਾਲਾ ਸੇਬ ਬੀਸੀ
79¢ lb
SUPER SPECIAL
Round Tomatoes
ਗੋਲ ਟਮਾਟਰ
99¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Red Lentil Split
ਧੋਤੀ ਮਸਰਾਂ ਦੀ ਦਾਲ
88¢ lb
SUPER SPECIAL
Cilantro
ਧਣੀਆ
2 bunches for $1.50
SUPER SPECIAL
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$4.88 bag
Spinach
ਪਾਲਕ
$1.49 bunch
Almonds #1
ਬਦਾਮ
$3.98 lb
Red Lentil Whole
ਮਸਰਾ ਦੀ ਸਾਬਤ ਦਾਲ
78¢ lb
Green, Red, Yellow & Orange Peppers BC
ਸ਼ਿਮਲਾ ਮਿਰਚਾਂ
(ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ)
99¢ lb
Green Cabbage
ਹਰੀ ਬੰਦ ਗੋਭੀ
59¢ lb
Long Eggplants
ਲੰਬੇ ਬਤਾਊਂ
$1.49 lb
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
Chickpeas
ਚਿੱਟੇ ਛੋਲੇ
99¢ lb
Red Delicious Apples USA #1
ਲਾਲ ਸਵਾਦ ਸੇਬ
ਯੂ.ਐਸ. #੧
99¢ lb
Gala Apples USA #1
ਗਾਲਾ ਸੇਬ
ਯੂ.ਐਸ. #੧
$1.29 lb
Rapini (Sarson da Saag)
ਸਰਸੋਂ ਦਾ ਸਾਗ
$2.88 bunch
Red Lentil Whole, Red Lentil Split 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ ( ਇੰਡੀਕੈਂਨ )
$3.98 bag
Thur Sep 28, 2023 - Wed Oct 04, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 9 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. ------------- 604-321-9931
Richmond-------- 4101 No.5 Rd. ---------------- 604-244-9520